ਮੁੱਖ ਸੰਪਾਦਕ-ਜਸਵਿੰਦਰ ਕੌਰ ਸੈਣੀ
ਸਹਿ ਸੰਪਾਦਕ- ਡਾ ਸੰਦੀਪ ਕੌਰ ਸੈਣੀ
ਹੈਡੱ ਆਫਿਸ
ਸਰਵ ਮੰਗਲ ਐਨਕਲੇਵ, ਅੰਬਾਲਾ ਰੋਡ, ਜੀਰਕਪੁਰ, ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ, ਪੰਜਾਬ-140603
ਮੋਬਾਇਲ-98780-78400

# ਨਿਰਭੈ ਸੋਚ

ਗੱਲ ਇਨਸਾਫ ਦੀ

ਅਦਾਰਾ ਨਿਰਭੈ ਸੋਚ
ਲਈ ਪੰਜਾਬ, ਹਰਿਆਣਾ, ਹਿਮਾਚਲ ਦੇ ਵੱਖ ਵੱਖ ਸ਼ਹਿਰਾਂ ਤੋਂ ਪੱਤਰਕਾਰਾਂ ਦੀ ਲੋੜ ਸੰਪਰਕ ਕਰੋ
98780-78400

ਵਰਾ : 02 ਅੰਕ-7 (ਸਫੇ-6) ਜੂਨ, 2024 (ਜੀਰਕਪੁਰ, ਪੰਚਕੂਲਾ ਤੋਂ ਪ੍ਰਕਾਸ਼ਿਤ) ਡਿਜਿਟਲ ਆਡਿਸ਼ਨ RNI NO PUNPUN2022/86291

## ਡੀ ਟੀ ਪੀ ਦੀ ਟੀਮ ਨੇ ਪਿੰਡ ਦਰਾ ਕਲਾਂ ਵਿਚ ਬਣ ਰਹੀਆਂ ਦੋ ਨਜਾਇਜ ਕਾਲੋਨੀਆਂ ਵਿਚ ਕੀਤੇ ਜਾ ਰਹੇ ਨਿਰਮਾਣ ਨੂੰ ਢਾਹਿਆ

### ਡਿਪਟੀ ਕਮਿਸ਼ਨਰ ਦੇ ਹੁਕਮਾਂ ਤੇ ਪ੍ਰਸ਼ਾਸ਼ਨ ਨੇ ਕੀਤੀ ਕਾਰਵਾਈ

ਨਿਰਭੈ ਸੋਚ/ ਸਤਨਾਮ ਸਿੰਘ



ਸ਼ਾਹਬਾਦ ਮਾਰਕੰਡਾ, ਜਿਲਾ ਨਗਰ ਯੋਜਨਾਕਾਰ ਦੀ ਟੀਮ ਨੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਤੇ ਸਬ ਡਿਵੀਜਨ ਥਾਨੇਸਰ ਵਿਚ ਰੈਵਨਿਊ ਅਸਟੇਟ ਪਿੰਡ ਦਰਾ ਕਲਾਂ ਐਨ ਆਈ ਟੀ ਗੇਟ ਦੇ ਸਾਹਮਣੇ ਸਥਿਤ 2 ਗੈਰ ਕਾਨੂੰਨੀ ਕਲੋਨੀਆਂ ਵਿਚ ਜਿਲਾ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਢਾਹੁਣ ਦੀ ਕਾਰਵਈ ਕੀਤੀ ਗਈ। ਜਿਲਾ ਟਾਊਨ ਪਲਾਨਿੰਗ ਅਫਸਰ ਅਸ਼ੋਕ ਗਰਗ ਨੇ ਪ੍ਰੈਸ ਨੂੰ ਜਾਰੀ ਬਿਆਨ ਵਿਚ ਦਿੱਸਿਆ ਹੈ ਕਿ ਰੈਵਨਿਊ ਅਸਟੇਟ ਪਿੰਡ ਦਰਾ ਕਲਾਂ ਨਿਟ ਗੇਟ ਦੇ ਸਾਹਮਣੇ 2 ਨਜਾਇਜ ਕਾਲੋਨੀਆਂ ਵਿਚ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਢਾਹੁਣ ਦੀ ਕਾਰਵਾਈ ਕੀਤੀ ਗਈ ਹੈ। ਉਨਾਂ ਕਿਹਾ ਕਿ ਡਿਪਟੀ ਕਮਿਸ਼ਨਰ ਦੇ ਹੁਕਮਾਂ ਤੇ ਹਰਿਆਣਾ ਸਟੇਟ ਟਰਾਂਸਪੋਰਟ ਵਰਕਿੰਗ ਮੈਨੇਜਰ ਸਮਿੰਦਰ ਕੁਮਾਰ ਨੂੰ ਡਿਊਟੀ ਮੈਜਿਸਟਰੇਟ ਨਿਯੁਕਤ ਕੀਤਾ ਗਿਆ ਸੀ। ਡੀ ਟੀ ਪੀ ਦੀ ਟੀਮ ਨੇ ਪੁਲਿਸ ਫੋਰਸ ਨਾਲ ਪਿੰਡ ਦਰਾ ਕਲਾਂ ਵਿਚ ਦੋ ਨਜਾਇਜ ਕਲੋਨੀਆਂ ਵਿਚ ਕੱਚੀਆਂ ਸਡ ?ਕਾਂ ਨੂੰ ਪੀਲੇ ਪੰਜੇ ਨਾਲ ਢਾਹਿਆ। ਉਨਾਂ ਦਿੱਸਿਆ ਕਿ ਉਨਾਂ ਨੂੰ ਇਨਾਂ ਕਲੋਨੀਆਂ ਬਾਰੇ ਸ਼ਿਕਾਇਤਾਂ ਮਿਲ ਰਹੀਆਂ ਸਨ ਜਿਸ ਤੇ ਜਮੀਨ ਮਲਕਾਂ ਤੇ ਪਾ ?ਰਪਰਟੀ ਡੀਲਰਾਂ ਨੂੰ ਐਚ ਡੀ ਆਰ ਐਕਟ 1975 ਦੀਆਂ ਧਾਰਾਵਾਂ ਤਹਿਤ ਨੋਟਿਸ ਜਾਰੀ ਕਰ ਕੇ ਉਨਾਂ ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ । ਪਰ ਜਮੀਨ ਮਾਲਕਾਂ ਤੇ ਡੀਲਰਾਂ ਨੇ ਨਜਾਇਜ ਕਲੋਨੀ ਵਿਚ ਹੋ ਰਹੀ ਉਸਾਰੀ ਨੂੰ ਨਾ ਰੋਕਿਆ ਤੇ ਨਾ ਹੀ ਵਿਭਾਗ ਤੋਂ ਮੰਨਜੂਰੀ ਲਈ । ਜਿਸ ਤੇ ਵਿਭਾਗ ਨੇ ਕਾਰਵਾਈ ਕਰਦਿਆਂ ਨਜਾਇਜ ਕਲੋਨੀ ਵਿਚ ਉਸਾਰੀਆਂ ਨੂੰ ਨਸ਼ਟ ਕੀਤਾ। ਉਨਾਂ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸਸਤੇ ਪਲਾਟਾਂ ਦੇ ਨਾਂ ਤੇ ਪ੍ਰਾਪਰਟੀ ਡੀਲਰਾਂ ਦੇ ਬਹਿਕਾਵੇ ਵਿਚ ਨਾ ਆਉਣ ਤੇ ਨਾ ਹੀ ਕਿਸੇ ਕਿਸਮ ਦਾ ਨਿਰਮਾਣ ਕਰਨ। ਇੰਨਾ ਹੀ ਨਹੀਂ ਜਮੀਨ ਖਰੀਦਣ ਤੋਂ ਪਹਿਲਾਂ ਡੀ ਟੀ ਪੀ ਦਫਤਰ ਤੋਂ ਕਲੋਨੀ ਦੀ ਕਾਨੂੰਨੀ ਤੇ ਗੈਰ ਕਾਨੂੰਨੀਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ। ਉਨਾਂ ਕਿਹਾ ਕਿ ਸਾਰੇ ਤਹਿਸੀਲਦਾਰ ਰਜਿਸਟਰੀ ਕਰਨ ਤੋਂ ਪਹਿਲਾਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ। ਜੇ ਕੋਈ ਵਿਅਕਤੀ ਗੈਰ ਕਾਨੂੰਨੀ ਕਾਲੋਨੀਆਂ ਵਿਚ ਪਲਾਟ ਖਰੀਦਦਾ ਹੈ ਤਾਂ ਉਸ ਖਿਲਾਫ ਕਾਰਵਾਈ ਕਰਕੇ 50 ਹਜਾਰ ਰੁਪਏ ਜੁਰਮਾਨਾ ਤੇ 3 ਸਾਲ ਕੈਦ ਦੀ ਵਿਵਸਥਾ ਹੈ। ਉਨਾਂ ਕਿਹਾ ਕਿ ਗਰੁੱਪ ਹਾਊਸਿੰਗ ਸਕੀਮ, ਦੀਨ ਦਿਆਲ ਹਾਊਸਿੰਗ ਸਕੀਮ ਤੇ ਅਫੋਰਡੇਬਲ ਗਰੁੱਪ ਹਾਊਸਿੰਗ ਸਕੀਮ ਤਹਿਤ 5 ਏਕਡ ? ਜਮੀਨ ਤੇ ਲਾਇਸੈਂਸ ਦਿੱਤਾ ਜਾਂਦਾ ਹੈ ਜਿਸ ਤੇ ਅਪਲਾਈ ਕਰਕੇ ਕਲੋਨੀ ਕੱਟਣ ਦੀ ਲੋਡ ?ਦੀਂ ਮੰਨਜੂਰੀ ਹਾਸਲ ਕੀਤੀ ਜਾ ਸਕਦੀ ਹੈ।

## ਫਰੀਦਕੋਟ ’ਚ ਦੋ ਨੌਜਵਾਨਾਂ ਤੇ ਪੁਲਿਸ ਵਿਚਾਲੇ ਹੋਇਆ ਮੁਕਾਬਲਾ, ਲੱਤ ਤੇ ਬਾਂਹ ’ਚ ਲੱਗੀਆਂ ਗੋਲ਼ੀਆਂ

ਨਿਰਭੈ ਸੋਚ



**ਫਰੀਦਕੋਟ:** ਲੁੱਟ-ਖੋਹ ਅਤੇ ਫਿਰੌਤੀ ਦੇ ਮਾਮਲਿਆਂ ’ਚ ਸ਼ਾਮਲ ਦੋ ਲੋੜੀਂਦੇ ਮੁਲਜ਼ਮਾਂ ਵਿਚਾਲੇ ਬੁੱਧਵਾਰ ਦੁਪਹਿਰ ਉਸ ਸਮੇਂ ਮੁਕਾਬਲਾ ਹੋਇਆ ਜਦੋਂ ਸੀਆਈ ਏ ਸਟਾਫ ਫਰੀਦਕੋਟ ਦੇ ਇੰਚਾਰਜ ਹਰਬੰਸ ਸਿੰਘ ਵੱਲੋਂ ਸੂਚਨਾ ਦੇ ਆਧਾਰ ’ਤੇ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਗਈ ਪੁਲਿਸ ਗਈ ਸੀ। ਇਸ ਮੁਕਾਬਲੇ ਵਿੱਚ ਦੋਵੇਂ ਮੁਲਜ਼ਮਾਂ ਦੀ ਲੱਤ ਅਤੇ ਬਾਂਹ ਵਿੱਚ ਗੋਲ਼ੀ ਲੱਗ ਗਈ ਅਤੇ ਉਨ੍ਹਾਂ ਨੂੰ ਇਲਾਜ ਲਈ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਬੁੱਧਵਾਰ ਦੁਪਹਿਰ ਨੂੰ ਕੋਟਕਪੂਰਾ-ਜੈਤੋ ਰੋਡ ’ਤੇ ਢੈਪਈ ਨਹਿਰ ਦੇ ਪੁਲ ? ਨੇੜੇ ਪੁਲਿਸ ਨੂੰ ਦੋ ਸ਼ੱਕੀ ਵਿਅਕਤੀਆਂ ਦੀ ਮੌਜੂਦਗੀ ਦੀ ਸੂਚਨਾ ਮਿਲੀ ਸੀ ਜਿਸ ਕਾਰਨ ਡੀਐਸਪੀ ਸ਼ਮਸ਼ੇਰ ਸਿੰਘ ਸ਼ੇਰਗਿੱਲ ਦੀ ਅਗਵਾਈ ਹੇਠ ਪੁਲਿਸ ਟੀਮ ਸ਼ੱਕੀ ਵਿਅਕਤੀਆਂ ਦੀ ਜਾਂਚ ਕਰਨ ਲਈ ਪੁੱਜੀ।

ਦੂਜੇ ਪਾਸੇ ਪੁਲਿਸ ਨੂੰ ਦੇਖ ਕੇ ਢੈਪਈ ਨਹਿਰ ਦੇ ਪੁਲ਼ ਨੇੜੇ ਲੁਕੇ ਦੋ ਵਿਅਕਤੀਆਂ ਨੇ ਪੁਲਿਸ ’ਤੇ ਗੋਲ਼ੀਆਂ ਚਲਾ ਦਿੱਤੀਆਂ ਅਤੇ ਭੱਜਣ ਦੀ ਕੋਸ਼ਿਸ਼ ਕੀਤੀ। ਜਿਸ ਕਾਰਨ ਪੁਲਿਸ ਵੱਲੋਂ ਕੀਤੀ ਜਵਾਬੀ ਗੋਲ਼ੀਬਾਰੀ ਵਿੱਚ ਦੋਵੇਂ ਮੁਲਜ਼ਮਾਂ ਨੂੰ ਗੋਲ਼ੀ ਮਾਰ ਦਿੱਤੀ ਗਈ। ਇਸ ਮੁਕਾਬਲੇ ਦੌਰਾਨ ਪਰਮਿੰਦਰ ਸਿੰਘ ਚਿੜੀ ਦੀ ਬਾਂਹ ਤੇ ਹੈਪੀ ਦੀ ਲੱਤ ਵਿੱਚ ਗੋਲ਼ੀ ਲੱਗੀ। ਬਾਅਦ ’ਚ ਦੋਵਾਂ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਫੜੇ ਗਏ ਮੁਲਜ਼ਮਾਂ ਦੀ ਪਛਾਣ ਪਰਮਿੰਦਰ ਚਿੜੀ ਅਤੇ ਉਸ ਦੇ ਚਚੇਰੇ ਭਰਾ ਹੈਪੀ ਵਜੋਂ ਹੋਈ ਹੈ।

ਜ਼ਿਕਰਯੋਗ ਹੈ ਕਿ ਮੁਲਜ਼ਮ ਮੋਟਰਸਾਈਕਲ ’ਤੇ ਸਵਾਰ ਸਨ ਅਤੇ ਉਨ੍ਹਾਂ ਕੋਲੋਂ ਤਿੰਨ 32 ਬੋਰ ਆਟੋਮੈਟਿਕ ਪਿਸਤੌਲ ਅਤੇ 10 ਕਾਰਤੂਸ ਬਰਾਮਦ ਹੋਏ ਸਨ। ਇਸ ਸਬੰਧੀ ਡੀਐਸਪੀ ਸ਼ਮਸ਼ੇਰ ਸਿੰਘ ਸ਼ੇਰਗਿੱਲ ਨੇ ਦੱਸਿਆ ਕਿ ਅੱਜ ਇਨ੍ਹਾਂ ਵਿਅਕਤੀਆਂ ਬਾਰੇ ਸੂਚਨਾ ਮਿਲੀ ਸੀ ਜਿਸ ਤੋਂ ਬਾਅਦ ਇਹੇ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬੀਤੀ 24 ਮਈ ਨੂੰ ਉਕਤ ਮੁਲਜ਼ਮਾਂ ਨੇ ਕੋਟਕਪੂਰਾ ਵਿੱਚ ਅਬੋਹਰ ਦੇ ਰਹਿਣ ਵਾਲੇ ਇੱਕ ਵਪਾਰੀ ਦੀ ਕਾਰ ’ਤੇ ਫਾਇਰਿੰਗ ਕੀਤੀ ਸੀ।

## ਸੰਖੇਪ ਖਬਰਾਂ

### ਸ਼੍ਰੀ ਖਾਟੂ ਸਿਆਮ ਜੀ ਮੰਦਿਰ ਵਿਖੇ ਵਿਸਾਲ ਜਾਗਰਣ 29 ਜੂਨ ਨੂੰ



ਨਿਰਭੈ ਸੋਚ/ਜਗਸੀਰ ਲੌਂਗੋਵਾਲ

ਸੰਗਰੂਰ, ਸਥਾਨਕ ਸ਼੍ਰੀ ਖਾਟੂ ਸਿਆਮ ਜੀ ਮੰਦਰ ਵਿਖੇ ਮੂਰਤੀ ਸਥਾਪਨਾ ਦੀ ਖੁਸ਼ੀ ਵਿੱਚ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 11ਵਾਂ ਵਿਸ਼ਾਲ ਜਾਗਰਣ 29 ਜੂਨ ਨੂੰ ਸੰਸਥਾ ਸ੍ਰੀ ਖਾਟੂ ਸ਼ਾਮ ਜੀ ਪਬਲਿਕ ਵੈਲਫੇਅਰ ਸੋਸਾਇਟੀ ਰਜਿ: ਹਰੀਪੁਰਾ ਕਲੋਨੀ ਸੰਗਰੂਰ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪ੍ਰਸਿੱਧ ਭਜਨ ਗਾਇਕ ਅਨਭਵ ਏਰਨ, ਕਮਲ ਵਾਲੀਆ, ਯਸ਼ੂ ਬਜਾਜ, ਲਵੀ ਬਜਾਜ ( ਬਿਹਾਰੀ ਕਲੱਬ ਜਗਰਾਉਂ) ਵਾਲੇ ਸੰਗਤਾਂ ਨੂੰ ਭਜਨ ਸੁਣਾ ਕੇ ਨਿਹਾਲ ਕਰਨਗੇ। ਇਸ ਸਬੰਧ ਵਿੱਚ ਅੱਜ ਸੰਸਥਾ ਵੱਲੋਂ ਨਿਰਜਲਾ ਇਕਾਦਸੀ ਮੌਕੇ ਕੀਰਤਨ ਕਰਵਾਇਆ ਗਿਆ ।ਇਸ ਸਮੇਂ ਜਾਗਰਣ ਦਾ ਕਾਰਡ ਅਤੇ ਨਾਰੀਅਲ ਬਾਬਾ ਖਾਟੂ ਸਿਆਮ ਜੀ ਨੂੰ ਭੇਟ ਕੀਤਾ ਗਿਆ ।ਇਸ ਸਮੇਂ ਸੰਸਥਾ ਦੇ ਪ੍ਰਧਾਨ ਇੰਦਰਜੀਤ ਗਰਗ,ਚੇਅਰਮੈਨ ਲਲਿਤ ਗਰਗ,ਵਾਈਸ ਚੇਅਰਮੈਨ ਮਨੀਸ਼ ਗਰਗ,ਵਾਈਸ ਪ੍ਰਧਾਨ ਸੰਦੀਪ ਗਰਗ, ਸੈਕਟਰੀ ਵਿਨੋਦ ਗਰਗ,ਖਜਾਨਚੀ ਭੂਸ਼ਣ ਗਰਗ,ਕਾਰਜਕਾਰੀ ਮੈਂਬਰ ਐਡਵੋਕੇਟ ਸ਼ੁਭਮ ਗਰਗ, ਵਿਸ਼ਾਲ ਗਰਗ ,ਰਜਨੀਸ਼ ਗਰਗ, ਸ਼ੈਂਕੀ ਗਰਗ,ਮੁਕੇਸ਼ ਗਰਗ, ਸੁਨੀਲ ਗਰਗ,ਰਾਜੀਵ ਗਰਗ,ਪ੍ਰਵੀਨ ਗਰਗ ,ਲਲਿਤ ਗਰਗ,ਸੰਜੀਵ ਗਰਗ, ਰਾਜੂ ਗਰਗ, ਬੋਬੀ ਤੇ ਹੋਰ ਮੈਂਬਰ ਸਾਹਿਬਾਨ ਵੀ ਮੌਜੂਦ ਰਹੇ।

### ਏਸੀ ਲਾ ਕੇ ਸੁੱਤੇ ਪਰਿਵਾਰ ਦੇ ਘਰੋਂ 19 ਤੋਲੇ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ

ਨਿਰਭੈ ਸੋਚ

ਖੰਨਾ : ਅਣਪਛਾਤੇ ਚੋਰਾਂ ਵੱਲੋਂ ਏਸੀ ਸੁੱਤੇ ਇੱਕ ਪਰਿਵਾਰ ਦੇ ਘਰ ਵਿਚ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਚੋਰਾਂ ਨੇ ਪਿੰਡ ਕੋਟਲਾ ਭੜੀ ਦੇ ਰਹਿਣ ਵਾਲੇ ਬਹਾਦਰ ਸਿੰਘ ਪੁੱਤਰ ਨਿਰਮਲ ਸਿੰਘ ਦੇ ਘਰ ਵਿੱਚ ਵੜ ਕੇ 19 ਤੋਲੇ ਸੋਨੇ ਦੇ ਗਹਿਣੇ ਅਤੇ 50 ਹਜ਼ਾਰ ਰੁਪਏ ਚੋਰੀ ਕੀਤੇ ਗਏ। ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ। ਪੁਲਿਸ ਵੱਲੋਂ ਮੌਕੇ ਉੱਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀਸੀਟੀਵੀ ਖੰਗਾਲੇ ਜਾ ਰਹੇ ਹਨ। ਬਹਾਦਰ ਸਿੰਘ ਵਾਸੀ ਕੋਟਲਾ ਭੜੀ ਪੁਲਿਸ ਨੂੰ ਦਿੱਤੀ ਜਾਣਕਾਰੀ ਅਨੁਸਾਰ ਦੱਸਿਆ ਕਿ ਬੀਤੀ ਰਾਤ ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਏਸੀ ਵਾਲੇ ਕਮਰੇ ਵਿੱਚ ਸੁੱਤਾ ਪਿਆ ਸੀ। ਜਦੋਂ ਸਵੇਰੇ ਉੱਠ ਕੇ ਦੇਖਿਆ ਤਾਂ ਉਹਨਾਂ ਦੇ ਘਰ ਵਿੱਚ ਦੂਜੇ ਕਮਰੇ ਦਾ ਸਾਮਾਨ ਖਿਲਾਰਿਆ ਪਿਆ ਸੀ। ਕੁਝ ਅਪਣਪਛਾਤੇ ਵਿਅਕਤੀ ਕੰਧ ਟੱਪ ਕੇ ਘਰ ਵਿੱਚ ਦਾਖਲ ਹੋ ਗਏ। ਜਿੱਥੇ ਕੀਮਤੀ ਸਾਮਾਨ ਪਿਆ ਸੀ, ਉਸ ਦਾ ਗੇਟ ਖੋਲ੍ਹ ਕੇ ਅੰਦਰ ਦਾਖ਼ਲ ਹੋ ਗਏ। ਕਮਰੇ ਵਿੱਚ ਪਈ ਲੋਹੇ ਦੀ ਪੇਟੀ ਅਤੇ ਲੋਹੇ ਦੀ ਅਲਮਾਰੀ ਦੀ ਫਰੋਲਾ-ਫਰਾਲੀ ਕੀਤੀ। ਅਲਮਾਰੀ ਅਤੇ ਪੇਟੀ ਵਿਚੋਂ 19 ਤੋਲੇ ਸੋਨੇ ਦੇ ਗਹਿਣੇ ਅਤੇ 50 ਹਜ਼ਾਰ ਨਕਦੀ ਚੋਰੀ ਕਰ ਕੇ ਲੈ ਗਏ। ਸਾਰਾ ਪਰਿਵਾਰ ਏਸੀ ਵਾਲੇ ਕਮਰੇ ਵਿੱਚ ਸੁੱਤਾ ਪਿਆ ਹੋਣ ਕਰਕੇ ਉਨ੍ਹਾਂ ਨੂੰ ਚੋਰੀ ਦੀ ਰਾਤ ਸਮੇਂ ਕੋਈ ਭਿਣਕ ਨਹੀਂ ਲੱਗੀ। ਚੋਰੀ ਦਾ ਸਵੇਰੇ ਉੱਠਣ ਸਮੇਂ ਪਤਾ ਲੱਗਿਆ। ਚੌਕੀ ਬਾਰਧਾਲਾ ਤੋਂ ਪੁਲਿਸ ਨੇ ਆ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਸ਼ਿਕਾਇਤ ਕਰਤਾ ਦੇ ਬਿਆਨਾਂ ’ਤੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਅਤੇ ਚੋਰਾਂ ਨੂੰ ਜਲਦੀ ਫੜ੍ਹ ਲਿਆ ਜਾਵੇਗਾ।

## ਸ਼੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸੰਦਰਭ ਵਿਚ ਚਲ ਰਹੀ ਸ਼੍ਰੀ ਅਖੰਡ ਪਾਠ ਸਾਹਿਬ ਦੀ ਦੂਜੀ ਲਡੀ ਦੇ ਪਾਠ ਦੇ ਮਧ ਦੇ ਭੋਗ ਪਾਏ-ਅਜਰਾਣਾ



ਨਿਰਭੈ ਸੋਚ/ ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ, ਮੀਰੀ ਪੀਰੀ ਦੇ ਮਾਲਕ ਧੰਨ ਸ਼ ?ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਦੇ ਸਮਾਗਮ ਵਿਚ ਚਲ ਰਹੀ ਅਖੰਡ ਪਾਠ ਸਾਹਿਬ ਦੀ ਦੂਜੀ ਲਡ ?ੀ ਦੇ ਮਧ ਦੇ ਭੋਗ ਪਾਏ ਗਏ ।ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਿੱਸਾ ਲਿਆ , ਗੁਰਦੁਆਰਾ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਗੁਰਦਾਸ ਸਿੰਘ ਜੀ ਨੇ ਸਰਬਤ ਦੇ ਭਲੇ ਲਈ ਅਰਦਾਸ ਕੀਤੀ । ਸਮਾਗਮ ਵਿਚ ਸ਼ਿਰਕਤ ਕਰਨ ਲਈ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਆਈਆਂ ਸੰਗਤਾਂ ਲਈ ਕਈ ਤਰਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ ।ਗੁਰਦੁਆਰਾ ਮੈਨੇਜਮੈਂਟ ਦੀ ਸੀਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਾਰਾਣਾ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਦੇ ਚੀਫ ਸੈਕਟਰੀ ਜਸਵਿੰਦਰ ਸਿੰਘ ਦੀਨ ਪੁਰ, ਰਾਜ ਪਾਲ ਸਿੰਘ ਵਧੀਕ ਸੈਕਟਰੀ, ਰੁਪਿੰਦਰ ਸਿੰਘ, ਅਮਰਿੰਦਰ ਸਿੰਘ,ਹਰਕੀਰਤ ਸਿੰਘ ਮੈਨੇਜਰ ਗੁਰਦੁਆਰਾ ਕੋਪਾਲ ਮੋਚਨ ਬਿਲਾਸਪੁਰ ਨੇ ਆਈਆਂ ਸੰਗਤਾਂ ਨੂੰ ਕਮੇਟੀ ਵਲੋਂ ਜੀ ਆਇਆਂ ਨੂੰ ਕਿਹਾ। ਸਮਾਗਮ ਵਿਚ ਦੂਰੋਂ ਨੇਡ ? ?ਉਂ ਆਈਆਂ ਸੰਗਤਾਂ ਲਈ ਕਈ ਤਰਾਂ ਦੇ ਪਕਵਾਨਾਂ ਦਾ ਲੰਗਰ ਲਾਇਆ ਗਿਆ ਸੀ। ਇਸ ਤੋਂ ਇਲਾਵਾ ਬਾਬਾ ਅਮਰੀਕ ਸਿੰਘ ਜੀ ਪਟਿਆਲਾ ਵਾਲਿਆਂ ਵਲੋਂ ਪੈ ਰਹੀ ਕਡ ?ਕੇ ਦੀ ਗਰਮੀ ਵਿਚ ਸੰਗਤਾਂ ਲਈ ਠੰਢੇ ਮਿੱਠੇ ਜਲ ਤੇ ਜਲਜੀਰਾ ਦੀ ਛਬੀਲ ਲਾਈ ਗਈ ਸੀ। ਜਿਥੇ ਸ਼ਰਧਾਲੂ ਛਬੀਲ ਦਾ ਜਲ ਛਕ ਕੇ ਗਰਮੀ ਤੋਂ ਰਾਹਤ ਮਹਿਸੂਸ ਕਰ ਰਹੇ ਸਨ। ਇਸ ਤੋਂ ਇਲਾਵਾ ਸੰਗਤਾਂ ਲਈ ਦਹੀਂ ਭਲਿਆਂ ਦਾ ਲੰਗਰ ਵੀ ਲਾਇਆ ਗਿਆ ਸੀ। ਦਸਤਾਰ ਕੋਚ ਸਿਮਰਨਜੀਤ ਸਿੰਘ ਤੇ ਉਨਾਂ ਦੇ ਸਾਥੀਆਂ ਵਲੋਂ ਛੋਟੇ ਛੋਟੇ ਬਚਿੱਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਸੀ । ਇਸ ਤੋਂ ਇਲਾਵਾ ਉਹ ਨੌਜੁਆਨਾਂ ਨੂੰ ਦਸਤਾਰ ਦੀ ਮਹੱਤਤਾ ਦਸ ਕੇ ਉਨਾਂ ਨੂੰ ਦਸਤਾਰ ਸਜਾਉਣ ਲਈ ਪ੍ਰੇਰ ਰਹੇ ਸਨ। ਦੂਜੇ ਪਾਸੇ ਪਾਰਥ ਲੈਬ ਵਲੋਂ ਰੋਜਾਨਾ 400ਤੋਂ ਵੱਧ ਮਰੀਜਾਂ ਦੇ ਸੁਆਸਥ ਦੇ ਚੈਕ ਅੱਪ ਕਰਕੇ ਲੋਡ ? ਮੁਤਾਬਿਕ ਦਵਾਈਆਂ ਮੁਫਤ ਵੰਡੀਆਂ ਜਾ ਰਹੀਆਂ ਹਨ । ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਦੇ ਬੁਲਾਰੇ ਕੰਵਲਜੀਤ ਸਿੰਘ ਅਜਰਾਣਾ ਨੇ ਦਸਤਾਰ ਸਜਾਉਣ ਵਾਲੇ ਨੌਜੁਆਨਾਂ ਤੇ ਪਾਰਥ ਲੈਬ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਤਨ ਮਨ ਤੋਂ ਇਸ ਸੇਵਾ ਦੇ ਕਾਰਜ ਨੂੰ ਬਾਖੂਬੀ ਨਿਭਾ ਰਹੇ ਹਨ। ਉਨਾਂ ਨੇ ਉਤਸਵ ਦੇ ਅਗਲੇਰੇ ਸਮਾਗਮਾਂ ਬਾਰੇ ਦਸਦਿਆਂ ਕਿਹਾ ਕਿ 20ਤੋਂ 22 ਜੂਨ ਤਕ ਰੋਜਾਨਾ ਦੀਵਾਨ ਸਜਾਏ ਜਾਣਗੇ ਜਿਸ ਵਿਚ ਕੌਮ ਦੇ ਮਹਾਨ ਕੀਰਤਨੀਏ ਤੇ ਕਥਾ ਵਾਚਕ ਸੰਗਤਾਂ ਨੂੰ ਗੁਰੂ ਜੱਸ ਸੁਣਾ ਕੇ ਨਿਹਾਲ ਕਰਨਗੇ। ਉਨਾਂ ਕਿਹਾ ਕਿ 21 ਜੂਨ ਨੂੰ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ 6 ਵੀਂ ਤੋਂ ਇਕ ਮਹਾਨ ਨਗਰ ਕੀਰਤਨ ਸਜਾਇਆ ਜਾਏਗਾ ਜਿਸ ਵਿਚ ਸ਼ ?ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਪਾਲਕੀ ਵਿਚ ਸ਼ੁਸ਼ੋਭਿਤ ਕੀਤਾ ਜਾਏਗਾ ਤੇ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਕਰਨਗੇ। ਨਗਰ ਕੀਰਤਨ ਵਿਚ ਦੇਸ਼ ਦੇ ਵੱਖ ਵੱਖ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਆਈਆਂ ਸੰਗਤਾਂ ਸ਼ਿਰਕਤ ਕਰਨਗੀਆਂ ਤੇ ਬਾਣੀ ਦੇ ਪਰਵਾਹ ਚਲਦੇ ਰਹਿਣਗੇ। ਉਨਾਂ ਕਿਹਾ ਕਿ ਨਗਰ ਕੀਰਤਨ ਸ਼ਹਿਰ ਦੇ ਵੱਖ ਵੱਖ ਸਥਾਨਾਂ ਤੇ ਬਜਾਰਾਂ ਵਿਚੋਂ ਹੁੰਦਾ ਹੋਇਆ ਆਪਣੇ ਨਿੱਜ ਸਥਾਨ ਤੇ ਸਮਾਪਤ ਹੋਵੇਗਾ। ਨਗਰ ਕੀਰਤਨ ਦੇ ਨਾਲ ਚਲ ਰਹੀਆਂ ਸੰਗਤਾਂ ਲਈ ਸ਼ਹਿਰ ਦੀਆਂ ਧਾਰਮਿਕ ਤੇ ਸਮਾਜਿਕ ਜਥੇ ਬੰਦੀਆਂ ਵਲੋਂ ਲੰਗਰ ਤੇ ਠੰਢੇ ਮਿੱਠੇ ਜਲ ਦੇ ਪ੍ਰਬੰਧ ਕੀਤੇ ਜਾਣਗੇ। ਅਜਰਾਣਾ ਨੇ ਵਿਸ਼ੇਸ਼ ਤੌਰ ਤੇ ਦਿੱਸਆ ਕਿ 6ਵੇਂ ਪਾਤਸ਼ਾਹਸ਼ ਸ਼੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੂਰਬ ਦੇ ਸਮਾਗਮ ਵਿਚ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਦਿੱਲੀ, ਪੰਜਾਬ ਤੇ ਸੂਬੇ ਦੇ ਵੱਖ ਵੱਖ ਜਿਲਿਆਂ ਚ ਵੱਡੀ ਗਿਣਤੀ ਵਿਚ ਸੰਗਤਾ ਹਿੱਸਾ ਲੈਂਦੀਆਂ ਹਨ।

## ਅਜਨਾਲਾ ਦੇ ਪਿੰਡਾਂ ਦਾ ਜਾਇਜ਼ਾ ਲੈਣ ਪਹੁੰਚੇ ਗੁਰਜੀਤ ਸਿੰਘ ਔਜਲਾ, ਅਧਿਕਾਰੀਆਂ ਨਾਲ ਕੀਤੀ ਮੀਟਿੰਗ, ਡੈਮ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਨਿਰਦੇਸ਼

ਨਿਰਭੈ ਸੋਚ /ਰਾਜੇਸ਼ ਡੈਨੀ



ਅੰਮ੍ਰਿਤਸਰ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੱਜ ਹਲਕਾ ਅਜਨਾਲਾ ਦੇ ਪਿੰਡਾਂ ਦਾ ਦੌਰਾ ਕੀਤਾ, ਜਿੱਥੇ ਕਿਸਾਨਾਂ ਨੇ ਆਉਣ ਵਾਲੇ ਬਰਸਾਤ ਦੇ ਮੌਸਮ ਤੋਂ ਪਹਿਲਾਂ ਉੱਥੇ ਬਣਾਏ ਜਾ ਰਹੇ ਬੰਨ੍ਹ ਨੂੰ ਲੈ ਕੇ ਚਿੰਤਾ ਪ੍ਰਗਟ ਕਰਦਿਆਂ ਮੰਗ ਕੀਤੀ ਕਿ ਇਸ ਬੰਨ੍ਹ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ। ਜਦੋਂ ਕਿ ਗੁਰਜੀਤ ਸਿੰਘ ਔਜਲਾ ਨੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਮੌਨਸੂਨ ਦੇ ਆਉਣ ਤੋਂ ਪਹਿਲਾਂ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਅਜਨਾਲਾ ਦੇ ਪਿੰਡ ਪੰਜ ਗੁਰਾਇਆ ਅਤੇ ਪਿੰਡ ਘੁਮਾਰਾਂ ਵਿੱਚ ਖੇਤਾਂ ਨੇੜੇ ਪੱਥਰਾਂ ਨਾਲ ਬਣਾਇਆ ਬੰਨ੍ਹ ਹੁਣ ਕਈ ਥਾਵਾਂ ਤੋਂ ਟੁੱਟ ਰਿਹਾ ਹੈ, ਜਿਸ ਸਬੰਧੀ ਪਿਛਲੇ ਇੱਕ ਸਾਲ ਤੋਂ ਸਰਕਾਰ ਨੂੰ ਬੇਨਤੀਆਂ ਕੀਤੀਆਂ ਜਾ ਰਹੀਆਂ ਹਨ ਪਰ ਕੋਈ ਹੱਲ ਨਹੀਂ ਹੋਇਆ, ਜਿਸ ਤੋਂ ਬਾਅਦ ਕੱਲ੍ਹ ਹੀ ਲੋਕਾਂ ਨੇ ਉਸ ਨਾਲ ਸੰਪਰਕ ਕੀਤਾ ਸੀ ਅਤੇ ਅੱਜ ਉਹ ਮੌਕੇ ’ਤੇ ਪਹੁੰਚੇ ਹਨ ਜਿੱਥੇ ਲੋਕਾਂ ਨੂੰ ਸਥਿਤੀ ਤੋਂ ਜਾਣੂ ਕਰਵਾਇਆ।

ਉਨ੍ਹਾਂ ਦੱਸਿਆ ਕਿ ਰਾਵੀ ਦਰਿਆ ਦੇ ਪਾਕਿਸਤਾਨ ਵਾਲੇ ਪਾਸੇ ਬੰਨ੍ਹ ਉੱਚਾ ਹੈ ਅਤੇ ਇਸ ਪਾਸੇ ਨੀਵਾਂ ਹੋਣ ਕਾਰਨ ਪਾਣੀ ਦਾ ਵਹਾਅ ਇਨ੍ਹਾਂ ਪਿੰਡਾਂ ਵੱਲ ਰਹਿੰਦਾ ਹੈ। ਰਾਵੀ ਦੇ ਪਾਣੀ ਦੀ ਆਮਦ ਕਾਰਨ ਪੰਜ ਗੁਰਾਇਆ ਅਤੇ ਘੁਮਾਰਾਏ ਪਿੰਡਾਂ ਵਿੱਚ ਹੜ੍ਹਾਂ ਅਤੇ ਫ਼ਸਲਾਂ ਦੇ ਨੁਕਸਾਨ ਦਾ ਵਧੇਰੇ ਖਤਰਾ ਹੈ। ਗੁਰਜੀਤ ਸਿੰਘ ਔਜਲਾ ਨੇ ਐਸ.ਡੀ.ਐਮ ਅਤੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਜਲਦ ਤੋਂ ਜਲਦ ਮਸਲਾ ਹੱਲ ਕਰਨ ਦੀ ਹਦਾਇਤ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਖੇਤਰ ਵਿੱਚ ਡੈਮ ਬਣਾਉਣ ਲਈ ਸਰਕਾਰ ਨੂੰ ਇੱਕ ਸਾਲ ਦਾ ਸਮਾਂ ਮੰਗਿਆ ਗਿਆ ਸੀ ਪਰ ਸਰਕਾਰ ਇਸ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਿਸ ਤੋਂ ਬਾਅਦ ਹੁਣ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਤੋਂ ਇਸ ਸਬੰਧੀ ਫੰਡ ਲੈਣ ਦੀ ਪੂਰੀ ਕੋਸ਼ਿਸ਼ ਕਰਨਗੇ ਤਾਂ ਜੋ ਸ. ਇਸ ਨੂੰ ਇੱਥੇ ਬਣਾਇਆ ਜਾ ਸਕਦਾ ਹੈ ਤਾਂ ਜੋ ਸਮੱਸਿਆ ਨੂੰ ਪੂਰੀ ਤਰ੍ਹਾਂ ਹੱਲ ਕੀਤਾ ਜਾ ਸਕੇ।



# ਹਰਿਆਣਾ ਸੰਗੀਤ ਨ੍ਰਿਤ ਉਤਸਵ ਹਰਿਆਣਾ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਸੰਪਨ

ਨਿਰਭੈ ਸੋਚ/ ਸਤਨਾਮ ਸਿੰਘ




ਸ਼ਾਹਬਾਦ ਮਾਰਕੰਡਾ, ਅਨੇਕਤਾ ਵਿਚ ਏਕਤਾ ਹੀ ਭਾਰਤ ਦੀ ਪਹਿਚਾਣ ਹੈ । ਬਹੁਤ ਸਾਰੇ ਪਹਿਰਾਵੇ ਬੋਲੀਆਂ ਤੇ ਲੋਕ ਸਭਿਆਚਾਰ ਇਸ ਦੇਸ਼ ਦੀਆਂ ਵਿਸ਼ੇਸ਼ਤਾਵਾਂ ਹਨ। ਭਾਰਤ ਦੀ ਏਕਤਾ ਤੇ ਅਖੰਡਤਾ ਲਈ ਦੇਸ਼ ਦੇ ਵੱਖ ਵੱਖ ਸੂਬਿਆਂ ਦੀ ਲੋਕ ਕਲਾ ਤੇ ਸਭਿਆਚਾਰ ਤੋਂ ਜਾਣੂੰ ਕਰਵਾਉਣ ਲਈ ਚੰਡੀਗਡ ? ਸੰਗੀਤ ਨਾਟਕ ਅਕਾਦਮੀ ਤੇ ਹਰਿਆਣਾ ਕਲਾ ਪ੍ਰੀਸ਼ਦ ਵਲੋਂ ਹਰਿਆਣਵੀ ਸੰਗੀਤ ਨਾਟਕ ਉਤਸਵ ਦਾ ਆਯੋਜਨ ਕੀਤਾ ਗਿਆ। ਜਿਸ ਦੀ ਸਮਾਪਤੀ ਤੇ ਚੰਡੀਗਡ ? ਦੇ ਨਾਲ ਨਾਲ ਹਰਿਆਣਾ ਦੇ ਕਲਾਕਾਰਾਂ ਨੇ ਪੰਜਾਬ ਦੀ ਸਭਿਆਚਾਰਕ ਝਲਕ ਪੇਸ਼ ਕੀਤੀ। ਇਸ ਮੌਕੇ ਚੰਡੀਗਡ ? ਸੰਗੀਤ ਅਕਾਦਮੀ ਦੇ ਪ੍ਰਧਾਨ ਸੁਦੇਸ਼ ਸ਼ਰਮਾ ਤੇ ਹਰਿਆਣਾ ਕਲਾ ਪ੍ਰੀਸ਼ਦ ਦੇ ਨਿਰਦੇਸ਼ਕ ਨਗੇਂਦਰ ਸ਼ਰਮਾ ਨੇ ਸਭ ਤੋਂ ਪਹਿਲਾਂ ਹਰਿਆਣਵੀ ਲੋਕ ਕਲਾਕਾਰ ਰਵੀ ਸ਼ੰਕਰ ਸ਼ਰਮਾ ਨੂੰ ਉਨਾਂ ਦੀ ਪੇਟਿੰਗ ਤੇ ਫੁੱਲ ਚਡ ?ਾ ਕੇ ਸ਼ਰਧਾਂਜਲੀ ਦਿੱਤੀ ਤੇ ਕਿਹਾ ਕਿ ਸਭਿਆਚਾਰ ਨੂੰ ਸੰਭਾਲਣਾ ਤੇ ਇਸ ਨੂੰ ਅੱਗੇ ਵਧਾਉਣਾ ਹੀ ਇਕ ਕਲਾਕਾਰ ਦੀ ਪਹਿਚਾਣ ਹੁੰਦੀ ਹੈ। ਲੋਕ ਕਲਾਕਾਰ ਹਮੇਸ਼ਾ ਆਪਣੀ ਪ੍ਰਤਿਭਾ ਤੇ ਹੁਨਰ ਨਾਲ ਆਪਣੇ ਸੂਬੇ ਦੇ ਸਭਿਆਚਾਰ ਨੂੰ ਪੇਸ਼ ਕਰਦੇ ਹਨ। ਉਨਾਂ ਕਿਹਾ ਕਿ ਲੋਕ ਕਲਾਕਾਰਾਂ ਵਲੋਂ ਪੇਸ਼ ਕੀਤੀਆਂ ਗਈਆਂ ਸਭਿਆਚਾਰਕ ਪੇਸ਼ਕਾਰੀਆਂ ਨਾ ਸਿਰਫ ਆਪਣੇ ਸੂਬੇ ਦੀ ਸਭਿਅਤਾ ਤੇ ਸਭਿਆਚਾਰ ਬਾਰੇ ਦਸੱਦੀਆਂ ਹਨ, ਸਗੋਂ ਉਸ ਸੂਬੇ ਦੇ ਸਮਾਜਿਕ ਮਾਹੌਲ ਦੀ ਝਲਕ ਵੀ ਦਿੰਦਿਆਂ ਹਨ। ਅਜੇਹੀ ਹੀ ਇਕ ਪ੍ਰਤਿਭਾ ਜੀਂਦ ਦੇ ਰਹਿਣ ਵਾਲੇ ਰਵੀ ਸ਼ੰਕਰ ਸ਼ਰਮਾ ਸਨ, ਜੋ ਲੰਮੇਂ ਸਮੇਂ ਤੋਂ ਹਰਿਆਣਵੀ ਸਭਿਆਚਾਰ ਨੂੰ ਸੰਭਾਲਣ ਲਈ ਯਤਨਸ਼ੀਲ ਰਹੇ। ਚੰਡੀਗਡ ? ਵਿਚ ਆਯੋਜਿਤ ਚਾਰ ਰੋਜਾ ਹਰਿਆਣਵੀ ਸੰਗੀਤ ਡਾਂਸ ਫੈਸਟੀਵਲ ਚ ਰੋਹਤਕ ਨਿਵਾਸੀ ਡਾ ਕੈਲਾਸ਼ ਵਰਮਾ ਵਲੋਂ ਭਜਨ ਤੇ ਗਜਲਾਂ ਪੇਸ਼ ਕੀਤੀਆਂ ਗਈਆਂ। ਜੀਂਦ ਨਿਵਾਸੀ ਰਾਮ ਕੇਸ਼ ਜੀਵਨਪੁਰੀਆ ਨੇ ਰਾਗਣੀਆਂ ਰਾਹੀਂ ਸਰੋਤਿਆਂ ਦਾ ਦਿਲ ਜਿੱਤ ਲਿਆ। ਫੈਸਟੀਵਲ ਦੇ ਤੀਜੇ ਦਿਨ ਅੰਬਾਲਾ ਤੋਂ ਨਿਧੀ ਨਾਰੰਗ ਨੇ ਬਾਲੀਵੁੱਡ ਗੀਤਾਂ ਤੇ ਆਧਾਰਿਤ ਇਕ ਸੁਰੀਲੀ ਸੰਗੀਤ ਸ਼ਾਮ ਵਿਚ ਪੇਸ਼ਕਾਰੀ ਕੀਤੀ। ਮੇਲੇ ਦੀ ਸ਼ੁਰੂਆਤ ਤੇ ਸਮਾਪਤੀ ਹਰਿਆਣਵੀ ਲੋਕ ਨਾਚਾਂ ਨਾਲ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਹਰਿਆਣਵੀ ਡਾਂਸ ਨਾਲ ਹੋਈ ਜਿਸ ਵਿਚ ਮੁਦਰਾ ਗਰੁੱਪ ਦੇ ਕਲਾਕਾਰਾਂ ਨੇ ਛੋਰਾ ਮੇਂ ਹਰਿਆਣਾ ਕਾ ਪੇਸ਼ ਕੀਤਾ ਤੇ ਪਰਫਾਰਮਿੰਗ ਆਰਟਸ ਅੰਬਾਲਾ ਦੇ ਕਲਾਕਾਰਾਂ ਨ ਕਰ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਸ਼ਿਵਾਨੀ, ਸੁਕਰੀਤੀ ਸ਼ਰਮਾ ਆਦਿ ਨੇ ਹਰਿਆਣਵੀ ਡਾਂਸ ਨਾਲ ਵਾਹ ਵਾਹ ਖੱਟੀ। ਆਕਰਸ਼ਕ ਪੁਸ਼ਾਕਾਂ ਵਿਚ ਹਰਿਆਣਾ ਦੇ ਕਲਾਕਾਰ ਜਦੋਂ ਮੰਚ ਤੇ ਪੇਸ਼ਕਾਰੀ ਦੇਣ ਪੁੱਜੇ ਤਾਂ ਦਰਸ਼ਕਾਂ ਨੇ ਤਾਡ ?ੀਆਂ ਦੀਆਂ ਗੂੰਜਾਂ ਨਾਲ ਉਨਾਂ ਦਾ ਸੁਆਗਤ ਕੀਤਾ। ਇਸ ਤੋਂ ਇਲਾਵਾ ਚੰਡੀਗਡ ? ਸੰਗੀਤ ਨਾਟਕ ਅਕੈਡਮੀ ਵਲੋਂ ਪੰਜਾਬੀ ਲੋਕ ਨਾਚ ਲੁੱਡੀ ਤੇ ਸੰਮੀ ਲੋਕ ਨਾਚ ਦੀ ਸ਼ਾਨਦਾਰੀ ਪੇਸ਼ਕਾਰੀ ਕੀਤੀ ਗਈ।ਹਰਿਆਣਾ ਤੇ ਪੰਜਾਬ ਦੇ ਲੋਕ ਨਾਚਾਂ ਦੇ ਸੰਗਮ ਨੇ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਆਖਰ ਵਿਚ ਚੰਡੀਗਡ ? ਸੰਗੀਤ ਨਾਟਕ ਅਕੈਡਮੀ ਵਲੋਂ ਕਰਵਾਈ ਗਈ ਲੋਕ ਨਾਚ ਵਰਕਸ਼ਾਪ ਵਿਚ ਉਭਰਦੇ ਕਲਾਕਾਰਾਂ ਨੂੰ ਚੰਡੀਗਡ ? ਸੰਗੀਤ ਨਾਟਕ ਅਕੈਡਮੀ ਦੇ ਪ੍ਰਧਾਨ ਸੁਦੇਸ਼ ਸ਼ਰਮ ਤੇ ਨਗਿੰਦਰ ਸ਼ਰਮਾ ਵਲੋਂ ਸਨਮਾਨਿਤ ਕੀਤਾ ਗਿਆ। ਹਰਿਆਣਾ ਕਲਾ ਪ੍ਰੀਸ਼ਦ ਦੇ ਡਾਇਰੈਕਟਰ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ।

# ਚਾਂਦਪੁਰ ਰੁੜਕੀ ਵਿਖੇ ਸਨਮਾਨ ਸਮਾਰੋਹ ਕਰਵਾਇਆ ਗਿਆ

ਨਿਰਭੈ ਸੋਚ/ਜਤਿੰਦਰ ਪਾਲ ਸਿੰਘ ਕਲੇਰ



**ਬਲਾਚੌਰ,** ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਸੰਸਥਾਵਾਂ ਆਪਣੇ ਖੇਤਰ ਦੇ ਅਗਾਂਹਵਧੂ ਬੱਚਿਆਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਨੂੰ ਇੱਕ ਖਾਸ ਪੱਧਰ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਯਤਨਸ਼ੀਲ ਹਨ। ਬਾਬਾ ਗੁਰਦਿੱਤਾ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਚਾਂਦਪੁਰ ਰੁੜਕੀ ਵਿਖੇ ਪਿੰਡ ਦੇ ਬਜ਼ੁਰਗਾਂ ਦੀ ਰਹਿਨੁਮਾਈ ਹੇਠ ਪਿੰਡ ਦੇ ਨੌਜਵਾਨਾਂ ਵੱਲੋਂ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀ ਯਾਦ ਨੂੰ ਸਮਰਪਿਤ ਵਿਸ਼ੇਸ਼ ਸਨਮਾਨ ਸਮਾਗਮ ਕਰਵਾਇਆ ਗਿਆ, ਜਿਸ ਵਿੱਚ 90 ਵਿਦਿਆਰਥੀਆਂ ਨੇ ਸ. 100% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ 8ਵੀਂ, 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਪਿੰਡ ਸਹੂੰਗੜਾ ਦੇ ਨੈਸ਼ਨਲ ਐਵਾਰਡ ਜੇਤੂ ਸਰਪੰਚ ਸ਼੍ਰੀ ਰਾਜਬਲਵਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੇ ਨਾਲ ਮਾਸਟਰ ਜੁਝਾਰ ਸਿੰਘ ਅਤੇ ਮਾਸਟਰ ਨਿਰੰਜਨਜੋਤ ਸਿੰਘ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਮੁੱਖ ਭੂਮਿਕਾ ਸਰਦਾਰ ਰਜਿੰਦਰ ਸਿੰਘ ਸੀ.ਆਰ.ਪੀ.ਐਫ ਵੱਲੋਂ ਨਿਭਾਈ ਗਈ, ਜਿਨ੍ਹਾਂ ਨੇ ਵਿੱਦਿਆ ਦੇ ਖੇਤਰ ਵਿੱਚ ਪਿੰਡ ਦੀ ਅਗਵਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਕੇ ਵਧੀਆ ਉਪਰਾਲਾ ਕੀਤਾ। ਇਸ ਮੌਕੇ ਮੁੱਖ ਮਹਿਮਾਨ ਰਾਜਬਲਵਿੰਦਰ ਸਿੰਘ ਨੈਸ਼ਨਲ ਐਵਾਰਡੀ ਸਰਪੰਚ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੇਕਰ ਅਸੀਂ ਸਮਾਜ ਵਿੱਚ ਬੱਚਿਆਂ ਦੀ ਸੰਭਾਲ ਕਰੀਏ ਤਾਂ ਬੱਚੇ ਅਤੇ ਬਜ਼ੁਰਗ ਸਮਾਜ ਦਾ ਅਹਿਮ ਹਿੱਸਾ ਹਨ।

ਜੇਕਰ ਅਸੀਂ ਚੰਗੀ ਸੇਧ ਅਤੇ ਸਿੱਖਿਆ ਦੇਵਾਂਗੇ ਤਾਂ ਸਮਾਜ ਇੱਕ ਉੱਨਤ ਸਮਾਜ ਬਣੇਗਾ ਅਤੇ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਉਨ੍ਹਾਂ ਦੇ ਅਨੁਭਵ ਨੌਜਵਾਨਾਂ ਨੂੰ ਸਹੀ ਸੇਧ ਦੇਣਗੇ, ਇਸ ਲਈ ਇਨ੍ਹਾਂ ਦੋਵਾਂ ਵਰਗਾਂ ਦਾ ਸਤਿਕਾਰ ਕਰਨਾ ਬਣਦਾ ਹੈ। ਇਸ ਮੌਕੇ 8ਵੀਂ ਜਮਾਤ ਦੀ ਗਗਨਜੋਤ ਕੌਰ, ਅਵਨੀਤ ਕੌਰ, ਜੁਵਿਕਾ ਤੇ ਪ੍ਰੀਤੀ, 10ਵੀਂ ਜਮਾਤ ਦੀ ਤਾਨਿਆ ਤੇ ਸਿਮਰਨ, 12ਵੀਂ ਜਮਾਤ ਦੀ ਈਸ਼ਾ, ਮਹਿਕ, ਪਲਕ ਚੌਹਾਨ, ਰੇਖਾ, ਸ਼ਿਵਾਨੀ ਮੀਲੂ, ਸੋਨੀਆ ਮੀਲੂ, ਅਦਿਤੀ ਚੌਹਾਨ ਤੇ ਸੁਮੀਤ ਮੀਲੂ ਨੂੰ ਸਨਮਾਨਿਤ ਕੀਤਾ ਗਿਆ . ਇਸ ਮੌਕੇ ਇਲਾਕਾ ਯੁਵਾ ਮੋਰਚਾ ਦੇ ਸਰਪ੍ਰਸਤ ਪ੍ਰੇਮ ਪਾਲ ਹਕਾਲਾ ਨਵਾਂਗਰਾ ਜਰਮਨੀ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਕਰਵਾਉਣ ਨਾਲ ਬੱਚਿਆਂ ਵਿੱਚ ਵਿੱਦਿਆ ਪ੍ਰਤੀ ਨਵਾਂ ਉਤਸ਼ਾਹ ਪੈਦਾ ਹੋਵੇਗਾ ਅਤੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਰੁਚੀ ਵਧੇਗੀ। ਪਿੰਡ ਦੇ ਬਜ਼ੁਰਗਾਂ ਅਤੇ ਨੌਜਵਾਨਾਂ ਨੇ ਕਿਹਾ ਕਿ ਸਾਨੂੰ ਆਪਣੇ ਪਿੰਡ ਵਿਚ ਅਜਿਹੇ ਪ੍ਰੋਗਰਾਮ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਰਾਜ ਕੁਮਾਰ, ਗੁਰਮੇਲ ਸਿੰਘ, ਰਜਿੰਦਰ ਸਿੰਘ, ਗੁਰਚਰਨ ਪ੍ਰਧਾਨ, ਗੁਰਬਚਨ, ਰਾਜਬਲਵਿੰਦਰ ਸਿੰਘ ਸਰਪੰਚ ਸਹੂੰਗੜਾ, ਰਵੀ ਚੌਹਾਨ, ਚਰਨਜੀਤ ਸਰਪੰਚ, ਹੁਸਨ ਲਾਲ, ਸਰਬਜੀਤ ਸੀ.ਆਰ.ਪੀ.ਐਫ., ਰਾਮਪਾਲ, ਗੁਰਦਿਆਲ, ਪਵਨ ਪੀ.ਪੀ., ਮਹਿੰਦਰਪਾਲ ਪੀ.ਪੀ., ਨਰੰਜਨਜੋਤ, ਮਲਕੀਤ ਪੀ.ਪੀ. , ਲਾਡੀ ਸੀ.ਆਰ.ਪੀ.ਐਫ., ਜੋਗਰਾਜ ਚੌਹਾਨ, ਅਸ਼ੋਕ ਆਰਮੀ ਆਦਿ ਪਤਵੰਤੇ ਹਾਜ਼ਰ ਸਨ।

## ਸੰਖੇਪ ਖਬਰਾਂ

### ਛਾਜਲੀ ਦੇ ਮਜ਼ਦੂਰ ਰਿਜ਼ਰਵ ਕੋਟੇ ਦੀ ਪੰਚਾਇਤੀ ਜਮੀਨ ਲਗਾਤਾਰ ਤੀਸਰੇ ਸਾਲ ਵੀ ਲੈਣ ਚ ਹੋਏ ਸਫਲ

ਨਿਰਭੈ ਸੋਚ/ਜਗਸੀਰ ਸਿੰਘ



ਲੌਂਗੋਵਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਨਮੋਲ,ਪਿੰਡ ਛਾਜਲੀ ਦੇ ਆਗੂ ਸੰਦੀਪ ਸਿੰਘ ਅਤੇ ਗੁਰੀ ਸਿੰਘ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਤੋਂ ਪੰਚਾਇਤੀ ਰਿਜ਼ਰਵ ਕੋਟੇ ਦੀ ਜਮੀਨ ਉੱਪਰ ਪਿੰਡ ਦੇ ਖੇਤ ਮਜ਼ਦੂਰ ਘੱਟ ਰੇਟ ਤੇ ਜ਼ਮੀਨ ਲੈ ਕੇ ਸਾਂਝੇ ਤੌਰ ਤੇ ਤਕਰੀਬਨ 100 ਤੋਂ ਵਧੇਰੇ ਪਰਿਵਾਰ ਖੇਤੀ ਕਰਦੇ ਆ ਰਹੇ ਹਨ। ਸਾਂਝੇ ਤੌਰ ਤੇ ਆਪਣੇ ਪਸ਼ੂਆਂ ਦੇ ਲਈ ਹਰਾ ਚਾਰਾ ਬੀਜਿਆ ਜਾਂਦਾ ਹੈ ਜਿਸ ਨਾਲ ਮਜ਼ਦੂਰ ਪਸ਼ੂ ਪਾਲ ਕੇ ਆਪਣੇ ਘਰ ਦੇ ਗੁਜਾਰੇ ਵਿੱਚ ਸਹਿਯੋਗ ਕਰਦੇ ਹਨ। ਅੱਜ ਬੀਡੀਪੀਓ ਵਿਭਾਗ ਵੱਲੋਂ ਪੰਚਾਇਤੀ ਜਮੀਨ ਦੀ ਬੋਲੀ ਰੱਖੀ ਗਈ ਸੀ। ਖੇਤ ਮਜ਼ਦੂਰਾਂ ਨੇ ਸਰਵ ਸੰਮਤੀ ਤੌਰ ਤੇ ਦੋ ਵਿਅਕਤੀਆਂ ਸੰਦੀਪ ਸਿੰਘ ਅਤੇ ਬਲਜਿੰਦਰ ਸਿੰਘ ਵੱਲੋਂ ਸਕਿਉਰਟੀ ਜਮਾ ਕਰਵਾਈ ਗਈ ਦੋਵਾਂ ਵਿਅਕਤੀਆਂ ਵੱਲੋਂ ਪੰਚਾਇਤੀ ਰਿਜ਼ਰਵ ਕੋਟੇ ਜਮੀਨ ਦੀ ਬੋਲੀ ਦਿੱਤੀ ਗਈ। ਖੇਤ ਮਜ਼ਦੂਰਾਂ ਵੱਲੋਂ ਸਰਬ ਸੰਮਤੀ ਤੌਰ ਤੇ ਸੰਦੀਪ ਸਿੰਘ ਦੇ ਨਾਂ ਤੇ ਸਾਢੇ ਚਾਰ ਏਕੜ ਜਮੀਨ ਦੀ ਬੋਲੀ 98,300 ਰੁਪਏ ਤੇ ਹੋਈ,ਖੇਤ ਮਜ਼ਦੂਰਾਂ ਨੂੰ ਜਮੀਨ ਸਬੰਧੀ ਹੋਰ ਜੋ ਵੀ ਸਮੱਸਿਆਵਾਂ ਸਨ ਉਹ ਅਧਿਕਾਰੀਆਂ ਨੂੰ ਨੋਟ ਕਾਰਵਾਈਆਂ ਅਤੇ ਹੱਲ ਕਰਨ ਲਈ ਕਿਹਾ,ਅਧਿਕਾਰੀਆ ਨੇ ਭਰੋਸਾ ਦਿੱਤਾ ਤੁਹਾਡੇ ਮਸਲਿਆਂ ਦਾ ਜਲਦ ਹੱਲ ਕੀਤਾ ਜਾਵੇਗਾ।

### ਪਿੰਡ ਮਹਿੰਦੀਪੁਰ ਵਿੱਚ ਪੈ ਰਹੀ ਗਰਮੀ ਤੋਂ ਰਾਹਤ ਦਿਵਾਉਣ ਲਈ ਛਬੀਲ ਲਗਾਈ ਗਈ।

ਨਿਰਭੈ ਸੋਚ/ਜਤਿੰਦਰ ਪਾਲ ਸਿੰਘ ਕਲੇਰ



ਬਲਾਚੌਰ, ਬਲਾਚੌਰ ਦੇ ਪਿੰਡ ਮਹਿੰਦੀਪੁਰ ਵਿੱਚ ਪੈ ਰਹੀ ਗਰਮੀ ਤੋਂ ਰਾਹਗੀਰਾਂ ਨੂੰ ਰਾਹਤ ਦੇਣ ਲਈ ਮਹਿੰਦੀਪੁਰ ਦੇ ਨੌਜਵਾਨਾਂ ਵੱਲੋਂ ਛਬੀਲ ਲਗਾਈ ਗਈ। ਜਿਸ ਵਿੱਚ ਉੱਥੋਂ ਲੰਘ ਰਹੇ ਨੌਜਵਾਨਾਂ ਨੂੰ ਠੰਡਾ ਮਿੱਠਾ ਜਲ ਪਿਲਾਇਆ ਗਿਆ ਅਤੇ ਉਨ੍ਹਾਂ ਦੀ ਪਿਆਸ ਬੁਝਾਈ ਗਈ ਇਸ ਮੌਕੇ ਪੰਮਾ ਭਾਟੀਆ ਕੌਂਸਲਰ, ਬਲਿਹਾਰ ਸਿੰਘ, ਹਰਵਿੰਦਰ ਸਿੰਘ, ਕਾਲਾ ਸਿੰਘ, ਬਿੱਲਾ, ਜਸਵੀਰ ਸਿੰਘ, ਸੁਰਿੰਦਰ ਕੁਮਾਰ, ਰਵੀ ਕੁਮਾਰ ਸਮੇਤ ਸਮੂਹ ਨੌਜਵਾਨ ਹਾਜ਼ਰ ਸਨ। ਸੋਢੀ ਸਿੰਘ, ਸਾਹਿਲ ਕੁਮਾਰ, ਗੁਰਵਿੰਦਰ ਸਿੰਘ ਹਾਜ਼ਰ ਸਨ।

## ਜਨਮ ਦਿਹਾੜੇ ਦੀਆਂ ਮੁਬਾਰਕਾਂ



ਸਿਦਕਪ੍ਰੀਤ ਸਿੰਘ ਗੁਰੂ, ਪਿਤਾ, ਬਲਕਾਰ ਸਿੰਘ ਗੁਰੂ, ਮਾਤਾ, ਅਮਨਦੀਪ ਕੌਰ ਗੁਰੂ ਵਾਸੀ ਮਲੇਰਕੋਟਲਾ ਨੂੰ ਜਨਮਤਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ। ਜਨਮ ਦਿਨ ਮੁਬਾਰਕ ਜੀ। ਜੀਵਨ ਦਾ ਨਵਾਂ ਸਾਲ ਤੁਹਾਡੇ ਲਈ ਨਵੀਆਂ ਉਮੰਗਾਂ ਤੇ ਖੁਸ਼ੀਆਂ ਲੈ ਕੇ ਆਵੇ ਜੁਗ ਜੁਗ ਜੀਓ । ਅਦਾਰਾ ਨਿਰਭੈ ਸੋਚ ਪਰਮਪਿਤਾ ਪਰਮਾਤਮਾ ਅੱਗੇ ਤੁਹਾਡੀ ਲੰਬੀ ਉਮਰ ਦੀ ਕਾਮਨਾ ਕਰਦਾ ਹੈ ਅਤੇ ਉਸਦੇ ਉਜੱਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਾ ਹੈ।

# ਲੋੜਵੰਦ ਵਿਦਿਆਰਥੀਆਂ ਨੂੰ ਦਰਸ਼ਨ ਸਿੰਘ ਪਿੰਕਾ ਨੇ 2 ਲੱਖ ਦੀ ਵਜੀਫਾ ਰਾਸ਼ੀ ਵੰਡੀ

ਨਿਰਭੈ ਸੋਚ/ ਦਲਵਿੰਦਰ ਸਿੰਘ ਮਨੋਚਾ,



ਗੜ੍ਹਸ਼ੰਕਰ, ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸਵਰਗਵਾਸੀ ਜਸਪ੍ਰੀਤ ਸਿੰਘ ਦਰੜ ਯਾਦਗਾਰੀ ਵਜ਼ੀਫਾ ਵੰਡ ਸਮਾਗਮ ਕਰਵਾਇਆ ਗਿਆ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਦੌਰਾਨ ਸਮਾਜ ਸੇਵੀ ਅਮਰੀਕਾ ਨਿਵਾਸੀ ਦਰਸ਼ਨ ਸਿੰਘ ਪਿੰਕਾ ਵਲੋਂ ਆਪਣੇ ਪੁੱਤਰ ਸਵਰਗੀ ਜਸਪ੍ਰੀਤ ਸਿੰਘ ਦਰੜ ਦੀ ਯਾਦ ’ਚ ਹਰ ਸਾਲ ਦੀ ਤਰ੍ਹਾਂ ਲੋੜਵੰਦ ਵਿਦਿਆਰਥੀਆਂ ਲਈ ਭੇਟ ਕੀਤੀ 2 ਲੱਖ ਰੁਪਏ ਦੀ ਵਜੀਫਾ ਰਾਸ਼ੀ ਦੇ ਚੈੱਕ ਕਾਲਜ ਦੇ ਸਾਲ 2023-24 ਦੇ ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ 30 ਵਿਦਿਆਰਥੀਆਂ ਵਿਚ ਤਕਸੀਮ ਕੀਤੇ ਗਏ। ਮੁੱਖ ਮਹਿਮਾਨ ਵਜੋਂ ਸਮਾਜ ਸੇਵੀ ਜਰਨੈਲ ਸਿੰਘ ਪੱਲੀ ਝਿੱਕੀ ਸੈਕਟਰੀ ਸਿੱਖ ਨੈਸ਼ਨਲ ਕਾਲਜ ਬੰਗਾ ਨੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਵਜੀਫ਼ਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ। ਇਸ ਮੌਕੇ ਦਰੜ ਪਰਿਵਾਰ ਵਲੋਂ ਅਜੇਪਾਲ ਸਿੰਘ ਰੱਕੜਾ ਢਾਹਾਂ, ਜਸਵੀਰ ਸਿੰਘ ਰੱਕੜਾ ਢਾਹਾਂ ਹਾਜ਼ਰ ਹੋਏ। ਪ੍ਰੋ. ਲਖਵਿੰਦਰਜੀਤ ਕੌਰ ਨੇ ਦਰਸ਼ਨ ਸਿੰਘ ਪਿੰਕਾ ਵਲੋਂ ਕਾਲਜ ਦੇ ਲੋੜਵੰਦ ਵਿਦਿਆਰਥੀਆਂ, ਖੇਡਾਂ ਅਤੇ ਸਮਾਜ ਦੀ ਭਲਾਈ ਲਈ ਪਾਏ ਜਾ ਰਹੇ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਾਲਜ ਮੈਨੇਜਮੈਂਟ ਤੇ ਸਟਾਫ਼ ਵਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਮੁੱਖ ਮਹਿਮਾਨ ਜਰਨੈਲ ਸਿੰਘ ਪੱਲੀ ਝਿੱਕੀ ਤੇ ਹੋਰ ਸਖਸ਼ੀਅਤਾਂ ਦਾ ਸਵਾਗਤ ਕੀਤਾ। ਡਾ. ਜਾਨਕੀ ਅਗਰਵਾਲ ਕੋਆਰਡੀਨੇਟਰ ਸਕਾਲਰਸ਼ਿਪ ਕਮੇਟੀ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਦਰੜ ਪਰਿਵਾਰ ਵਲੋਂ ਸਮਾਜ ਸੇਵਾ ਦੇ ਖੇਤਰ ’ਚ ਪਾਏ ਜਾ ਰਹੇ ਯੋਗਦਾਨ ਦੀ ਪ੍ਰਸੰਸਾ ਕੀਤੀ। ਵਿਦਿਆਰਥੀਆਂ ਵਲੋਂ ਵਿਦਿਆਰਥਣਾਂ ਅਰਸ਼ਦੀਪ ਕੌਰ ਤੇ ਦੀਕਸ਼ਾ ਠਾਕੁਰ ਨੇ ਦਰਸ਼ਨ ਸਿੰਘ ਪਿੰਕਾ ਹੋਰਾਂ ਦਾ ਲੋੜਵੰਦ ਵਿਦਿਆਰਥੀਆਂ ਦੀ ਭਲਾਈ ਲਈ ਪਾਏ ਯੋਗਦਾਨ ਲਈ ਧੰਨਵਾਦ ਕੀਤਾ।

# ਸ਼੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਭੀਖੀ ਵਿਖੇ ਹੋਇਆ ਪ੍ਰਾਂਤ ਪੱਧਰੀ 15 ਰੋਜ਼ਾ ਅਧਿਆਪਕ ਆਧਾਰ ਵਰਗ ਦਾ ਸ਼ੁਭਾਰੰਭ



ਨਿਰਭੈ ਸੋਚ/ਕਮਲ ਜਿੰਦਲ

ਭੀਖੀ, ਸਥਾਨਕ ਸ਼ ?ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਿਰ ਭੀਖੀ ਵਿਖੇ ਸਰਵਹਿੱਤਕਾਰੀ ਸਿੱਖਿਆ ਸਮਿਤੀ ਜਲੰਧਰ ਵੱਲੋਂ 19 ਜੂਨ ਤੋਂ 2 ਜੁਲਾਈ ਤੱਕ ਲੱਗ ਰਹੇ ਪ੍ਰਾਂਤ ਪੱਧਰੀ 15 ਰੋਜ਼ਾ ਅਧਿਆਪਕ ਆਧਾਰ ਵਰਗ ਦਾ ਆਰੰਭ ਅੱਜ ਹੋਇਆ ਜਿਸ ਦਾ ਉਦਘਾਟਨ ਸ੍ਰੀ ਕਰਨੈਲ ਸਿੰਘ ਵੈਰਾਗੀ (ਰਿਟਾਇਰ ਪ੍ਰਿੰਸੀਪਲ ਹੋਡਲਾ) ,ਸ਼ ?ਰੀ ਰਾਜਿੰਦਰ ਕੁਮਾਰ (ਵਿੱਦਿਆ ਭਾਰਤੀ ਸੰਗਠਨ ਮੰਤਰੀ),ਸ੍ਰੀ ਵਿਕਰਮ ਸਮਿਆਲ ਜੀ (ਵਿੱਦਿਆ ਭਾਰਤੀ ਪ੍ਰਸ਼ਿਕਸ਼ਣ ਪ੍ਰਮੁੱਖ), ਦੀਦੀ ਅੰਜੂ (ਸੰਕੁਲ ਪ੍ਰਮੁੱਖ ਅਤੇ ਪ੍ਰਿੰਸੀਪਲ ਐਸ.ਵੀ .ਐਮ.ਤਲਵਾੜਾ) ਅਤੇ ਦੀਦੀ ਨੀਲੂ ਨਰੂਲਾ (ਪ੍ਰਿੰਸੀਪਲ ਐਸ.ਵੀ.ਐਮ ਜਗਰਾਉਂ ) ਅਤੇ ਸਥਾਨਕ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਨੇ ਮਾਂ ਸਰਸਵਤੀ ਜੀ ਅੱਗੇ ਜੋਤ ਜਗਾ ਕੇ ਕੀਤਾ। ਇਸ ਵਰਗ ਦੇ ਪਹਿਲੇ ਦਿਨ ਦੀ ਪ੍ਰਧਾਨਗੀ ਸ੍ਰੀ ਕਰਨੈਲ ਸਿੰਘ ਵੈਰਾਗੀ ਜੀ ਨੇ ਕੀਤੀ । ਉਹਨਾਂ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਵਿ ?ਦਆ ਭਰਤੀ ਦ ੇ ਇਸ ਸਿਖਲਾਈ ਕੈਂਪ ਦੇ ਆਯੋਜਨ ਕਰਨ ਦੇ ਉਪਰਾਲੇ ਦੀ ਸਲਾਘਾ ਕੀਤੀ ਤੇ ਕਿਹਾ ਕਿ ਇਸ ਤਰਾਂ ਦੇ ਅਧਿਆਪਕ ਸਿਖਲਾਈ ਕੈਂਪ ਅਧਿਆਪਕਾਂ ਦੇ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ । ਮੁੱਖ ਵਕਤਾ ਸ਼ ?ਰੀ ਰਾਜਿੰਦਰ ਕੁਮਾਰ (ਵਿੱਦਿਆ ਭਾਰਤੀ ਸੰਗਠਨ ਮੰਤਰੀ) ਨੇ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਕਿ ਵਿੱਦਿਆ ਭਾਰਤੀ ਵਿ ?ਦਆਰਥੀਆਂ ਅਤੇ ਸਮਾਜ ਦੇ ਭਲੇ ਲਈ ਜਿਸ ਤਰ੍ਹਾਂ ਦੇ

ਅਧਿਆਪਕਾਂ ਦੀ ਕਲਪਨਾ ਕਰਦੀ ਹੈ ਉਸ ਤਰ੍ਹਾਂ ਦੇ ਅਧਿਆਪਕ ਨੂੰ ਤਿਆਰ ਕਰਨ ਲਈ ਇਸ ਤਰ੍ਹਾਂ ਦੇ ਸਿਖਲਾਈ ਕੈਂਪ ਵਧੇਰੇ ਸਹਾਇਕ ਹੁੰਦੇ ਹਨ। ਇਸ ਵਰਗ ਵਿੱਚ ਪੰਜਾਬ ਭਰ ਦ ੇ ਵੱਖ-ਵੱਖ ਸਰਵਹਿੱਤਕਾਰੀ ਸਕੂਲਾਂ ਵੱਲੋਂ ਲਗਭਗ 100 ਅਧਿਆਪਕ ਭਾਗ ਲੈ ਰਹੇ ਹਨ। ਵਿਸ਼ੇਸ਼ ਜਿਕਰਯੋਗ ਹੈ ਕਿ ਵਿੱਦਿਆ ਭਾਰਤੀ ਸੰਸਥਾ ਦੇਸ਼ ਭਰ ਦਾ ਸਭ ਤੋਂ ਵੱਡਾ ਗੈਰ ਸਰਕਾਰੀ ਵਿਦਅਕ ਅਦਾਰਾ ਹੈ ਜੋ ਆਪਣੇ ਅਧਿਆਪਕਾਂ ਅਤੇ ਬੱਚਿਆਂ ਦੇ ਸਰਵ ਪੱਖੀ ਵਿਕਾਸ ਲਈ ਸਮੇਂ ਸਮੇਂ ਤੇ ਵੱਖ ਵੱਖ ਤਰ੍ਹਾਂ ਦ ੇ ਸਿਖਲਾਈ ਕੈਂਪਾਂ ਦਾ ਆਯੋਜਨ ਕਰਦਾ ਰਹਿੰਦਾ ਹੈ।ਇਸ ਮੌਕੇ ਸਥਾਨਕ ਸਕੂਲ ਪ੍ਰਬੰਧ ਸਮਿਤੀ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਸਮੂਹ ਅਧਿਆਪਕ ਵੀ ਮੌਜੂਦ ਸਨ।

# 21 ਜੂਨ ਨੂੰ ਕੰਪਨੀ ਬਾਗ ਵਿਖੇ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ - ਵਧੀਕ ਡਿਪਟੀ ਕਮਿਸ਼ਨਰ




ਨਿਰਭੈ ਸੋਚ /ਰਾਜੇਸ਼ ਡੈਨੀ

ਅੰਮ੍ਰਿਤਸਰ, ਆਯੁਸ਼ ਮੰਤਰਾਲਾ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀ.ਐਮ.ਯੋਗਸ਼ਾਲਾ ਦੇ ਤਹਿਤ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਜਿਲ੍ਹਾ ਪੱਧਰੀ ਸਮਾਗਮ ਕੰਪਨੀ ਬਾਗ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਨੇ ਦੱਸਿਆ ਕਿ 21 ਜੂਨ ਨੂੰ ਸਵੇਰੇ 5:00 ਤੋਂ 7:00 ਵਜੇ ਤੱਕ ਕੰਪਨੀ ਬਾਗ ਵਿਖੇ ਯੋਗਾ ਕਰਵਾਇਆ ਜਾਵੇਗਾ ਅਤੇ ਇਸ ਤੋਂ ਇਲਾਵਾ ਸ਼ਹਿਰ ਦੀਆਂ ਵੱਖ-ਵੱਖ 5 ਥਾਵਾਂ ਤੇ ਵੀ ਯੋਗ ਕਲਾਸਾਂ ਲੱਗਣਗੀਆਂ।

ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਕਿ ਉਹ 21 ਜੂਨ ਨੂੰ ਸਵੇਰੇ 5:00 ਵਜੇ ਕੰਪਨੀ ਬਾਗ ਵਿਖੇ ਜ਼ਰੂਰ ਪਹੁੰਚਣ। ਉਨਾਂ ਦੱਸਿਆ ਕਿ ਸ਼ਹਿਰ ਵਿੱਚ ਕੰਪਨੀ ਬਾਗ ਤੋਂ ਇਲਾਵਾ ਸੱਤ ਏਕੜ ਪਾਰਕ ਨਿਊ ਅੰਮ੍ਰਿਤਸਰ, ਸੀਪੀ ਪਾਰਕ ਕੈਂਟ ਚੌਂਕ, ਕੋਟ ਖਾਲਸਾ ਪਾਰਕ, ਗੋਲਡਨ ਪਾਰਕ ਬੱਸ ਸਟੈਂਡ ਅਤੇ ਗੁਰੂ ਅਮਰਦਾਸ ਪਾਰਕ ਦਸ਼ਮੇਸ਼ ਐਵੀਨਿਊ ਵਿਖੇ ਵੀ ਯੋਗਾਂ ਦੀਆਂ ਕਲਾਸਾਂ ਲਗਣਗੀਆਂ। ਉਨਾਂ ਦੱਸਿਆ ਕਿ ਸਾਰੇ ਬਲਾਕਾਂ ਵਿੱਚ ਸਵੇਰੇ 6:00 ਤੋਂ 7:00 ਵਜੇ ਤੱਕ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਲੋਕਾਂ ਨੂੰ ਯੋਗ ਸਿਖਾਇਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨ ਨੇ ਦੱਸਿਆ ਕਿ ਇਸ ਸਬੰਧੀ ਵੱਖ-ਵੱਖ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਉਨਾਂ ਜਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨਾਂ ਯੋਗਾ ਕਲਾਸਾਂ ਵਿੱਚ ਜ਼ਰੂਰ ਭਾਗ ਲੈਣ ਅਤੇ ਆਪਣੇ ਸ਼ਰੀਰ ਨੂੰ ਤੰਦਰੁਸਤ ਬਣਾਉਣ।

ਇਸ ਮੀਟਿੰਗ ਵਿੱਚ ਸਹਾਇਕ ਕਮਿਸ਼ਨਰ ਮੈਡਮ ਗੁਰਸਿਮਰਨ ਕੌਰ, ਐਸ.ਡੀ.ਐਮ. ਮਨਕੰਵਲ ਚਾਹਲ, ਸਿਵਲ ਸਰਜਨ ਡਾ. ਸੁਮਿਤ ਸਿੰਘ, ਜਿਲ੍ਹਾ ਆਯੁਰਵੈਦਿਕ ਅਫ਼ਸਰ ਡਾ. ਦਿਨੇਸ਼, ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੰਦੀਪ ਮਲਹੋਤਰਾ, ਯੋਗਾ ਸੁਪਰਵਾਈਜ਼ਰ ਸ: ਗੁਰਪ੍ਰੀਤ ਸਿੰਘ, ਤਹਿਸੀਲਦਾਰ ਸ: ਅਮਰਜੀਤ ਸਿੰਘ, ਅਸਟੇਟ ਅਫ਼ਸਰ ਧਰਮਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਵਾਤਾਵਰਣ ਕਮੇਟੀ ਦੀ ਮੀਟਿੰਗ ਵਿੱਚ ਕੂੜਾ ਪ੍ਰਬੰਧਨ ਉੱਤੇ ਜ਼ੋਰ ਵਾਤਾਵਰਣ ਸੰਭਾਲ ਲਈ ਹਰੇਕ ਕੰਮ ਨੂੰ ਸਮੇਂ ਸਿਰ ਨੇਪਰੇ ਚਾੜ੍ਹਿਆ ਜਾਵੇ - ਨਿਕਾਸ ਕੁਮਾਰ ਜਨਤਕ ਥਾਵਾਂ ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਕੀਤੀ ਜਾਵੇ ਕਾਰਵਾਈ

ਨਿਰਭੈ ਸੋਚ/ ਪਿੰਕੂ ਆਨੰਦ, ਸੰਜੀਵ ਸੂਰੀ



ਜੰਡਿਆਲਾ ਗੁਰੂ, ਸ਼ ?ਰੀ ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਅੰਮ੍ਰਿਤਸਰ ਨੇ ਜ਼ਿਲਾ ਵਾਤਾਵਰਣ ਕਮੇਟੀ ਦੀ ਮੀਟਿੰਗ ਵਿਚ ਜਿਲੇ ਦੇ ਸ਼ਹਿਰੀ ਅਤੇ ਪੇਂਡੂ ਖੇਤਰ ਵਿੱਚ ਕੂੜਾ ਪ੍ਰਬੰਧਨ ਨੂੰ ਬਿਹਤਰ ਢੰਗ ਨਾਲ ਅਮਲ ਵਿੱਚ ਲਿਆਉਣ ਉੱਤੇ ਜ਼ੋਰ ਦਿੱਤਾ। ਉਨਾਂ ਕਿਹਾ ਕਿ ਗਿੱਲੇ ਅਤੇ ਸੁੱਕੇ ਕੂੜੇ ਨੂੰ ਵੱਖ ਵੱਖ ਇਕੱਠਾ ਕਰਕੇ ਇਸ ਦਾ ਠੋਸ ਪ੍ਰਬੰਧ ਕੀਤਾ ਜਾਵੇ ਤਾਂ ਕਿ ਸ਼ਹਿਰ ਅਤੇ ਪਿੰਡਾਂ ਦੀ ਸਫਾਈ ਵਿੱਚ ਆਮ ਲੋਕਾਂ ਦਾ ਸਾਥ ਵੀ ਮਿਲ ਸਕੇ। ਉਨਾਂ ਨੇ ਸਮੂਹ ਕਾਰਜ ਸਾਧਕ ਅਫ਼ਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਆਪਣੇ ਆਪਣੇ ਖੇਤਰ ਅਧੀਨ ਪੈਂਦੇ ਜਨਤਕ ਥਾਵਾਂ ਤੇ ਕੂੜਾ ਸੁੱਟਣ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸਬੰਧਤ ਮੀਟਿੰਗ ਵਿੱਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਹੋਰ ਵਿਭਾਗਾਂ ਦਾ ਸਾਥ ਲੈਣ ਲਈ ਸਹਿਯੋਗ ਮੰਗਿਆ ਗਿਆ। ਮੀਟਿੰਗ ਦੌਰਾਨ ਸ਼ਹਿਰੀ ਖੇਤਰਾਂ ਅਤੇ ਪੇਂਡੂ ਖੇਤਰਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦੀ ਸਾਂਭ ਸੰਭਾਲ ਤੋਂ ਇਲਾਵਾ ਪਲਾਸਟਿਕ ਵੇਸਟ ਦੀ ਸਾਂਭ ਸੰਭਾਲ, ਗੰਦੇ ਪਾਣੀ ਦੀ ਟਰੀਟਮੈਂਟ, ਸਿੰਗਲ ਯੂਜ ਪਲਾਸਟਿਕ ਤੇ ਰੋਕਥਾਮ, ਹਵਾ ਪ੍ਰਦੂਸ਼ਣ ਅਤੇ ਹੋਰ ਵਾਤਾਵਰਣ ਦੇ ਮੁਦਿਆ ਬਾਰੇ ਸਬੰਧਤ ਵਿਭਾਗਾ ਨਾਲ ਚੱਲ ਰਹੇ ਕੰਮਾਂ ਦੀ ਸਮਿਖਿਆ ਕੀਤੀ ਗਈ। ਸ੍ਰੀ ਨਿਕਾਸ ਕੁਮਾਰ ਨੇ ਕਾਰਜ ਸਾਧਕ ਅਫ਼ਸਰਾਂ ਨੂੰ ਕਿਹਾ ਕਿ ਉਹ ਟੀਮਾਂ ਦਾ ਗਠਨ ਕਰਕੇ ਚਾਇਨਾ ਡੋਰ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ ਅਤੇ ਸਮੇਂ ਸਮੇਂ ਸਿਰ ਚਾਇਨਾਂ ਡੋਰ ਵੇਚਲ ਵਾਲਿਆਂ ਵਿਰੁੱਧ ਛਾਪੇਮਾਰੀ ਨੂੰ ਯਕੀਨੀ ਬਣਾਇਆ ਜਾਵੇ। ਮੀਟਿੰਗ ਵਿੱਚ ਅੰਮ੍ਰਿਤਸਰ ਸ਼ਹਿਰ ਲਈ ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਤਹਿਤ ਆਏ ਫੰਡਾਂ ਦੇ ਖਰਚੇ ਸਬੰਧੀ ਵੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੇ ਸਬੰਧਤ ਵਿਭਾਗਾਂ ਦੇ ਮੁਖਿਆਂ ਨਾਲ ਜ਼ਿਲ੍ਹਾ ਵਾਤਾਵਰਣ ਪਲਾਨ ਅੰਮ੍ਰਿਤਸਰ ਵਿੱਚ ਦਰਜ ਵੱਖ-ਵੱਖ ਕੰਮਾਂ ਨੂੰ ਪ੍ਰਾਪਤ ਕਰਨ ਦੇ ਟੀਚਿਆ ਨੂੰ ਸਮਾਂਬੱਧ ਤਰੀਕੇ ਨਾਲ ਸਿਰੇ ਚੜ੍ਹਾਉਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਮੀਟਿੰਗ ਦੌਰਾਨ ਸ਼ ?ਰੀ ਸੁਖਦੇਵ ਸਿੰਘ, ਵਾਤਾਵਰਣ ਇੰਜੀਨੀਅਰ, ਸ਼ ?ਰੀ ਵਿਨੋਦ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ, ਸ਼ ?ਰੀ ਸੰਦੀਪ ਮਲਹੋਤਰਾ, ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ, ਡਾ. ਹਰਜੋਤ ਕੌਰ ਜਿਲ੍ਹਾ ਮਲੇਰੀਆ ਅਫ਼ਸਰ, ਸ: ਹਰਪਿੰਦਰ ਸਿੰਘ ਏ.ਸੀ.ਪੀ., ਸ: ਜਗਤਾਰ ਸਿੰਘ ਕਾਰਜ ਸਾਧਕ ਅਫ਼ਸਰ ਨਗਰ ਪੰਚਾਇਤ ਰਾਜਾਸਾਂਸੀ ਅਤੇ ਮਿਊਂਸਿਪਲ ਕਮੇਟੀ ਜੰਡਿਆਲਾ ਗੁਰੂ, ਸ: ਸੰਦੀਪ ਸਿੰਘ ਏ.ਐਫ.ਐਸ.ਓ. ਤੋਂ ਇਲਾਵਾ ਹੋਰ ਅਧਿਕਾਰੀ ਮੋਜੂਦ ਸਨ।

# ਜ਼ਿਲ੍ਹਾ ਟਾਸਕ ਫੋਰਸ ਅਤੇ ਕਿਰਤ ਵਿਭਾਗ ਵਲੋਂ ਬਾਲ ਮਜ਼ਦੂਰੀ ਦੇ ਸਬੰਧ ਵਿੱਚ ਵੱਖ ਵੱਖ ਵਪਾਰਕ ਅਦਾਰਿਆਂ ਅਤੇ ਦੁਕਾਨਾਂ ਦੀ ਚੈਕਿੰਗ

ਨਿਰਭੈ ਸੋਚ / ਕਰਨੈਲ ਜੀਤ

ਮੋਰਿੰਡਾ, ਪੰਜਾਬ ਸਰਕਾਰ ਵੱਲੋਂ 11 ਜੂਨ ਤੋਂ 21 ਜੂਨ ਤੱਕ ਮਨਾਏ ਜਾ ਰਹੇ ਬਾਲ ਮਜ਼ਦੂਰੀ ਖਾਤਮਾ ਸਪਤਾਹ ਦੇ ਸਬੰਧ ਵਿੱਚ ਜ਼ਿਲ੍ਹਾ ਟਾਸਕ ਫੋਰਸ,ਕਿਰਤ ਵਿਭਾਗ ਅਤੇ ਸਮਾਜ ਭਲਾਈ ਵਿਭਾਗ ਵੱਲੋਂ ਸਾਂਝੇ ਤੌਰ ਤੇ ਕਾਰਵਾਈ ਕਰਦਿਆਂ ਅੱਜ ਮੋਰਿੰਡਾ ਦੇ ਵੱਖ ਵੱਖ ਅਦਾਰਿਆਂ ਅਤੇ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਇਸ ਸਮੇਂ ਦੋ ਵੱਖ ਵੱਖ ਦੁਕਾਨਾਂ ਤੋਂ ਦੋ ਬਾਲ ਮਜ਼ਦੂਰ ਮੁਕਤ ਕਰਵਾਏ ਗਏ। ਇਸ

ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਰਤ ਇੰਸਪੈਕਟਰ ਮੈਡਮ ਹਰਪ੍ਰੀਤ ਕੌਰ ਰੂਪਨਗਰ ਨੇ ਦੱਸਿਆ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੋਰਿੰਡਾ ਸ਼ਹਿਰ ਵਿੱਚ ਦੇਵਗਨ ਕਲਾਥ ਹਾਊਸ ਤੇ ਬਿੱਲੇ ਦੀ ਹੱਟੀ ਅਤੇ ਪ੍ਰੀਤ ਸਵੀਟ ਤੇ ਹੋਰ ਵਪਾਰਕ ਥਾਵਾਂ ਦੀ ਚੈਕਿੰਗ ਕੀਤੀ ਗਈ ਜਿਸ ਦੌਰਾਨ ਦੇਵਗਨ ਕਲਾਥ ਹਾਊਸ ਵਾਲੇ ਅਤੇ ਬਿੱਲਾ ਕੱਪੜਿਆ ਦੀ ਹੱਟੀ ਦੀ ਦੁਕਾਨ ਤੋਂ ਦੋ ਕਿਸ਼ੋਰ ਬਾਲ ਮਜ਼ਦੂਰ ਮੁਕਤ ਕਰਵਾਏ ਗਏ ।ਉਹਨਾਂ ਦੱਸਿਆ ਕਿ ਜਿਸ ਤਹਿਤ ਹਰ ਰੋਜ਼ ਤਹਿਸੀਲ ਰੂਪਨਗਰ ਮੋਰਿੰਡਾ ਅਤੇ ਸ਼੍ਰੀ ਚਮਕੌਰ ਸਾਹਿਬ ਵਿਖੇ ਅਚਨਚੇਤ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ ।ਉਹਨਾਂ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਸਕੂਲਾਂ ਵਿੱਚ ਵੱਧ ਤੋਂ ਵੱਧ ਦਾਖਲ ਕਰਵਾਇਆ ਜਾਵੇ ਤਾਂ



ਜੋ ਬੱਚਿਆਂ ਨੂੰ ਬਾਲ ਮਜਦੂਰੀ ਦੇ ਕੋਹੜ ਤੋਂ ਬਚਾ ਕੇ ਉਹਨਾਂ ਦਾ ਭਵਿੱਖ ਸੁਨਹਿਰੀ ਬਣਾਇਆ ਜਾਵੇ । ਇਸ ਮੌਕੇ ਉਹਨਾਂ ਦੁਕਾਨਦਾਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ 18 ਸਾਲ ਦੀ ਉਮਰ ਤੋਂ ਘੱਟ ਵਾਲੇ ਬੱਚਿਆਂ ਨੂੰ ਆਪਣੀਆਂ ਦੁਕਾਨਾਂ ਤੇ ਕੰਮ ਲਈ ਨਾ ਰੱਖਿਆ ਜਾਵੇ ਨਹੀਂ ਤਾਂ ਕਾਨੂੰਨ ਦੇ ਮੁਤਾਬਕ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।

ਇਸ ਮੌਕੇ ਉਹਨਾਂ ਨਾਲ ਡਾਕਟਰ ਰਿੰਪਲ ਗਰਗ ਡਾਕਟਰ ਮਨਦੀਪ ਕੌਰ ਸਿਹਤ ਵਿਭਾਗ ਹਰਪ੍ਰੀਤ ਕੌਰ ਗੁਰਜੀਤ ਕੌਰ ਸੀ ਡੀ ਪੀ ਓ ਦਫਤਰ ਮੋਰਿੰਡਾ ਏ ਐਸ ਆਈ ਸਰਜੀਤ ਸਿੰਘ ਸਿਟੀ ਥਾਣਾ ਮੋਰਿੰਡਾ ਕਿਰਨਵੀਰ ਸਿੰਘ ਸੀ ਡੀ ਪੀ ਓ ਦਫਤਰ ਆਦਿ ਵੀ ਹਾਜ਼ਰ ਸਨ।

## ਸੰਖੇਪ ਖਬਰਾਂ

### ਨਾਕਾਬੰਦੀ ਦੌਰਾਨ ਚਾਰ ਕਿੱਲੋ ਅਫੀਮ ਸਮੇਤ ਦੋ ਕਾਬੂ

ਨਿਰਭੈ ਸੋਚ/ ਅਮਰਜੀਤ ਸਿੰਘ ਧਰਮਗੜ੍ਹ,

ਲਾਲੜੂ, ਸੀਆਈਏ ਸਟਾਫ਼ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਅੰਬਾਲਾ- ਚੰਡੀਗੜ੍ਹ ਕੌਮੀ ਮਾਰਗ 'ਤੇ ਸਥਿਤ ਲੈਹਲੀ ਟੀ ਪੁਆਇੰਟ 'ਤੇ ਨਾਕਾਬੰਦੀ ਦੌਰਾਨ ਇੱਕ ਕਾਰ 'ਚ ਸਵਾਰ ਦੋ ਨੌਜਵਾਨਾਂ ਨੂੰ ਚਾਰ ਕਿੱਲੋ ਅਫ਼ੀਮ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਕਾਬੂ ਕੀਤੇ ਵਿਅਕਤੀ ਦੀ ਪਛਾਣ ਦੀਪਕ ਅਤੇ ਵਿਜੇ ਕੁਮਾਰ ਦੋਵੇਂ ਵਾਸੀ ਊਨਾ, ਹਿਮਾਚਲ ਪ੍ਰਦੇਸ਼ ਵਜੋਂ ਕੀਤੀ ਹੈ। ਲਾਲੜੂ ਪੁਲਿਸ ਨੇ ਦੱਸਿਆ ਕਿ ਸੀਆਈਏ ਸਟਾਫ਼ ਵੱਲੋਂ ਐਸਆਈ ਬਲਜਿੰਦਰ ਕੌਰ ਦੀ ਅਗਵਾਈ 'ਚ ਲੈਹਲੀ ਵਿਖੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤੇ ਇਸੇ ਦੌਰਾਨ ਅੰਬਾਲਾ ਵੱਲੋਂ ਆ ਰਹੀ ਇੱਕ ਕਾਰ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਉਸ ਦੀ ਤਲਾਸ਼ੀ ਲਈ ਗਈ, ਜਿਸ ਵਿੱਚੋਂ ਕਥਿਤ ਤੌਰ ਉੱਤੇ ਇੱਕ ਲਿਫ਼ਾਫ਼ੇ ਵਿੱਚ ਚਾਰ ਕਿੱਲੋ ਅਫੀਮ ਬਰਾਮਦ ਹੋਈ।ਫੜੇ ਵਿਅਕਤੀਆਂ ਖਿਲਾਫ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰ ਕੇ ਗ੍ਰਿਫਤਾਰ ਕਰਨ ਉਪਰੰਤ ਅਦਾਲਤ ਵਿੱਚ ਪੇਸ਼ ਕੀਤਾ ਗਿਆ,ਜਿਥੋਂ ਉਨ੍ਹਾਂ ਨੂੰ ਦੋ ਦਿਨ ਦੇ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਹੈ।

### ਹਰੀ ਸਿੰਘ ਦੱਪਰ ਪਿੰਡ ਦੱਪਰ ਦੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣੇ

ਨਿਰਭੈ ਸੋਚ/ ਅਮਰਜੀਤ ਸਿੰਘ ਧਰਮਗੜ੍ਹ,

ਲਾਲੜੂ, ਪਿੰਡ ਦੱਪਰ ਵਿਖੇ ਸਥਿਤ ਗੁਰਦੁਆਰਾ ਸਾਹਿਬ ਦੀ ਕਮੇਟੀ ਦੀ ਚੋਣ ਸਾਬਕਾ ਪ੍ਰਧਾਨ ਜਸਵਿੰਦਰ ਸਿੰਘ ਅਤੇ ਜਥੇਦਾਰ ਬਲਿਹਾਰ ਸਿੰਘ ਦੀ ਦੇਖ ਰੇਖ ਵਿੱਚ ਕੀਤੀ ਗਈ, ਜਿਸ ਦੌਰਾਨ



ਹਰੀ ਸਿੰਘ ਦੱਪਰ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ, ਜਦਕਿ ਪਰਮਜੀਤ ਸਿੰਘ ਦੱਪਰ ਨੂੰ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਨੂੰ ਖਜਾਨਚੀ ਚੁਣਿਆ ਗਿਆ ਅਤੇ ਬਾਕੀ ਸੇਵਾਦਾਰਾਂ (ਅਹੁਦੇਦਾਰਾਂ) ਦੀ ਚੋਣ ਵੀ ਸਰਬਸੰਮਤੀ ਨਾਲ ਕੀਤੀ ਗਈ। ਇਸ ਮੌਕੇ ਹਰੀ ਸਿੰਘ ਨੇ ਕਿਹਾ ਕਿ ਉਹ ਪਿੰਡ ਵੱਲੋਂ ਦਿੱਤੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਪੂਰੀ ਮਿਹਨਤ ਕਰਨਗੇ। ਉਨ੍ਹਾਂ ਕਿਹਾ ਕਿ ਸਾਨੂੰ ਨੌਜਵਾਨ ਪੀੜ੍ਹੀ ਨੂੰ ਗੁਰੂ ਘਰ ਨਾਲ ਜੋੜ ਕੇ ਅੰਮ੍ਰਿਤਧਾਰੀ ਬਣਾਉਣ ਦੀ ਲੋੜ ਹੈ, ਜਿਸ ਪ੍ਰਤੀ ਉਹ ਪੂਰੀ ਤਰ੍ਹਾ ਸਰਗਰਮ ਰਹਿਣਗੇ ਤਾਂ ਜੋ ਨੌਜਵਾਨ ਪੀੜੀ ਨੂੰ ਬਾਣੀ ਅਤੇ ਬਾਣੀ ਨਾਲ ਜੋੜ ਸਕੇ। ਇਸ ਮੌਕੇ ਸੇਵਾਦਾਰਾਂ ਸਮੇਤ ਵੱਡੀ ਗਿਣਤੀ ਸੰਗਤ ਮੌਜੂਦ ਸੀ।

### ਆਈਟੀਆਈ ਲਾਲੜੂ ਵਿਖੇ ਲਗਾਇਆ ਗਿਆ ਰੋਜ਼ਗਾਰ ਮੇਲਾ

ਨਿਰਭੈ ਸੋਚ/ ਅਮਰਜੀਤ ਸਿੰਘ ਧਰਮਗੜ੍ਹ,

ਲਾਲੜੂ, ਉਦਯੋਗਿਕ ਸਿਖਲਾਈ ਸੰਸਥਾਵਾਂ ਲਾਲੜੂ ਵਿਖੇ ਅੱਜ ਸੈਸ਼ਨ 2024 ਵਿੱਚ ਪਾਸ ਹੋਣ ਵਾਲੇ ਸਿੱਖਿਆਰਥੀਆਂ ਲਈ ਰੋਜ਼ਗਾਰ ਮੇਲਾ ਲਗਾਇਆ ਗਿਆ,ਜਿਸ ਵਿੱਚ ਇਲਾਕੇ ਦੀ



ਨਾਮਵਰ ਕੰਪਨੀਆਂ ਜਿਵੇਂ ਕਿ ਗੇਟਸ ਇੰਡੀਆ ਲਿਮਿਟਡ, ਜੇਸੀਬੀਐਲ,ਟੀ.ਸੀ ਟੈਰਿਟੈਕਸ, ਨਾਹਰ ਇੰਡਸਟਰੀਜ਼, ਸਵਰਾਜ ਇੰਜਨ ਲਿਮਿਟਡ ਮੋਹਾਲੀ,ਰੀਵਾ ਸਿਸਟਮਜ਼ ਤੇ ਅਲੈਨਜਰਜ਼ ਮੈਡੀਕਲ ਸਿਸਟਮ ਵੱਲੋਂ ਸ਼ਿਰਕਤ ਕੀਤੀ ਗਈ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਿੰਸੀਪਲ ਹਰਬਿੰਦਰ ਸਿੰਘ ਵੱਲੋਂ ਦੱਸਿਆ ਗਿਆ ਮੇਲੇ ਵਿੱਚ ਕੁੱਲ 172 ਸਿਖਿਆਰਥੀ ਹਾਜ਼ਰ ਹੋਏ, ਜਿਨਾਂ ਵਿੱਚੋਂ ਵੱਖ-ਵੱਖ ਕੰਪਨੀਆਂ ਵੱਲੋਂ 82 ਸਿੱਖਿਆਰਥੀਆਂ ਦੀ ਚੋਣ ਕੀਤੀ ਗਈ । ਇਸ ਮੌਕੇ ਵੱਖ-ਵੱਖ ਕੰਪਨੀਆਂ ਦੇ ਨੁਮਾਇੰਦਿਆਂ ਵੱਲੋਂ ਸਿੱਖਿਆਰਥੀਆਂ ਨੂੰ ਸੰਬੋਧਨ ਕੀਤਾ ਗਿਆ ਅਤੇ ਆਪਣੀ ਕੰਪਨੀਆਂ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ ਗਈ। ਗੇਟਸ ਇੰਡੀਆ ਲਿਮਿਟਡ ਦੇ ਆਸ਼ੀਸ ਕੁਮਾਰ ਮੈਨਜਰ (ਐਚ, ਆਰ) ਵਲੋਂ ਸੰਸਥਾ ਵੱਲੋਂ ਕੀਤੇ ਗਏ ਇਸ ਉਪਰਾਲੇ ਅਤੇ ਇੰਤਜਾਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਰੋਜਗਾਰ ਮੇਲੇ ਲਗਾ ਕੇ ਸਿੱਖਿਆਰਥੀਆਂ ਦੇ ਕੈਰੀਅਰ ਅਤੇ ਵਿਕਾਸ ਲਈ ਰਾਜ ਸਰਕਾਰ ਦੀ ਵਚਨਬੱਧਤਾ ਦੀ ਸਲਾਘਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆ ਪ੍ਰਿਸੀਪਲ ਹਰਬਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਆਈਟੀਆਈ ਲਾਲੜੂ ਵੱਲੋਂ ਭਵਿੱਖ ਵਿਚ ਵੀ ਅਜਿਹੇ ਹੋਰ ਰੋਜਗਾਰ ਮੇਲੇ ਆਯੋਜਿਤ ਕੀਤੇ ਜਾਣਗੇ ਤਾਂ ਜੋ ਇਲਾਕੇ ਦੇ ਉਦਯੋਗਾਂ ਵਿਚ ਸਕਿੱਲਡ ਮੈਨਪਾਵਰ ਦੀ ਕੰਮੀ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਰੋਜਗਾਰ ਮੇਲੇ ਨੂੰ ਸਫਲਤਾ ਪੂਰਵਕ ਕਰਾਉਣ ਲਈ ਸੰਸਥਾ ਦੇ ਟ ?ਰੇਨਿੰਗ ਅਫਸਰ. ਸੁਖਦਰਸ਼ਨ ਸਿੰਘ ਪਲੇਸਮੈਂਟ ਅਫਸਰ ਹੈਰੀ, ਸੁਪਰਡੈਂਟ ਸ਼੍ਰੀਮਤੀ ਕੁਲਵਿੰਦਰ ਕੌਰ ਅਤੇ ਹੋਰ ਸਟਾਫ ਮੈਬਰਾਂ ਦਾ ਵਿਸ਼ੇਸ ਤੌਰ ਉਤੇ ਧੰਨਵਾਦ ਵੀ ਕੀਤਾ ਗਿਆ।

# ਸਮਾਜ ਸੇਵਕ ਕੁਲਵਿੰਦਰ ਸਿੰਘ ਭੋਲੂ ਨੇ ਸੈਂਕੜੇ ਛਾਂਦਾਰ ਤੇ ਫ਼ਲਦਾਰ ਬੂਟੇ ਵੰਡੇ, ਦਰਖਤ ਲਗਾਉਣੇ ਸਮੇਂ ਦੀ ਅਹਿਮ ਲੋੜ

ਨਿਰਭੈ ਸੋਚ / ਕਰਨੈਲ ਜੀਤ



ਮੋਰਿੰਡਾ, ਇਥੋਂ ਨਜ਼ਦੀਕੀ ਪਿੰਡ ਕਲਹੇੜੀ ਦੇ ਵਸਨੀਕ ਸਮਾਜ ਸੇਵਕ ਕੁਲਵਿੰਦਰ ਸਿੰਘ ਭੋਲੂ ਵਲੋਂ ਅੱਜ ਮੋਰਿੰਡਾ -ਚੂੰਨੀ ਸੜਕ ਤੇ ਸਟਾਲ ਲਗਾਏ ਕੇ ਰਾਹਗੀਰਾਂ ਨੂੰ ਛਾਂ ਦਾਰ ਅਤੇ ਫ਼ਲਦਾਰ ਬੂਟੇ ਵੰਡੇ ਗਏ । ਇਸ ਸਮੇਂ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਅੱਜ ਸਮੇਂ ਨੂੰ ਮੁੱਖ ਰੱਖਦਿਆਂ ਸੈਂਕੜੇ ਛਾਂ ਦਾਰ ਅਤੇ ਫ਼ਲਦਾਰ ਬੂਟੇ ਵੰਡੇ ਗਏ ਹਨ। ਉਹਨਾਂ ਆਖਿਆ ਕਿ ਅੱਜ ਲੋੜ ਹੈ ਦੇਸ਼ ਅੰਦਰ ਵੱਧ ਤੋਂ ਵੱਧ ਦਰਖਤ ਲਗਾਏ ਜਾਣ ਕਿਉਂਕਿ ਅੱਤ ਦੀ ਗਰਮੀ ਦਾ ਕਾਰਨ ਦਰਖਤਾਂ ਦੀ ਲਗਾਤਾਰ ਕਟਾਈ ਹੋਣਾਂ ਹੈ। ਦਰਖਤ ਘੱਟ ਜਾਣ ਕਾਰਨ ਬਰਸਾਤ ਨਾ ਮਾਤਰ ਹੋਣਾ ਹੈ। ਇਸ ਕਾਰਨ ਧਰਤੀ ਨਿਚਲਾ ਪਾਣੀ ਖ਼ਤਮ ਹੁੰਦਾ ਜਾ ਰਿਹਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਸਨ 1925 ਭਾਵ ਇਕ ਸਾਲ ਬਾਅਦ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਇਸ ਸਬੰਧੀ ਅਖ਼ਬਾਰਾਂ ਵਿੱਚ ਖਬਰਾਂ ਆਉਣੀਆਂ ਸ਼ੁਰੂ ਵੀ ਹੋ ਗਈਆਂ ਹਨ ਕਿ ਇਹਨਾਂ ਪਿੰਡਾਂ ਵਿੱਚ ਪਾਣੀ ਖ਼ਤਮ ਹੋ ਗਿਆ ਹੈ। ਸਾਨੂੰ ਚਾਹੀਦਾ ਹੈ ਕਿ ਦੇਸ਼ ਦੇ ਭਵਿੱਖ ਅਪਣੇ ਬੱਚਿਆਂ ਨੂੰ ਬਚਾਉਣ ਲਈ ਵਧ ਤੋਂ ਵੱਧ ਰੁੱਖ ਲਗਾਏ ਜਾਣ। ਇਸ ਸਮੇਂ ਪਹੁੰਚੇ ਸਾਬਕਾ ਸਰਪੰਚ ਨਿਰਮਲ ਸਿੰਘ, ਸਾਬਕਾ ਸਰਪੰਚ ਕੁਲਵੰਤ ਸਿੰਘ ਅਤੇ ਸਾਬਕਾ ਸਰਪੰਚ ਮੱਖਣ ਸਿੰਘ ਨੇ ਸਮਾਜ ਸੇਵਕ ਕੁਲਵਿੰਦਰ ਸਿੰਘ ਭੋਲੂ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਉਹਨਾਂ ਨੇ ਸਹੀ ਸਮੇਂ ਤੇ ਸਹੀ ਕਦਮ ਚੁਕਿਆ ਹੈ। ਉਹਨਾਂ ਆਖਿਆ ਕਿ ਅੱਜ ਵੱਖ ਥਾਵਾਂ ਤੇ ਲੰਗਰ ਲਗਾ ਕੇ ਰਾਹਗੀਰਾਂ ਨੂੰ ਘੇਰ ਕੇ ਲੰਗਰ ਛਕਾਉਣ ਦੀ ਥਾਂ ਛਾਂ ਦਾਰ ਬੂਟੇ ਵੰਡੇ ਜਾਣ ਤਾਂ ਜ਼ੋ ਧਰਤੀ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕੇ। ਜ਼ਿਕਰਯੋਗ ਹੈ ਕਿ ਸਮਾਜ ਸੇਵਕ ਕੁਲਵਿੰਦਰ ਸਿੰਘ ਭੋਲੂ ਹਰ ਸ਼ਨੀਵਾਰ ਪੀ ਜੀ ਆਈ ਚੰਡੀਗੜ੍ਹ ਵਿਖੇ ਮਰੀਜ਼ਾਂ ਨੂੰ ਮੁਫ਼ਤ ਲੰਗਰ ਵਰਤਾ ਕੇ ਆਉਂਦੇ ਹਨ । ਇਸ ਸਮੇਂ ਹੋਰਨਾਂ ਤੋਂ ਇਲਾਵਾ ਮੈਂਬਰ ਪੰਚਾਇਤ ਗੁਰਤੇਜ ਸਿੰਘ, ਬਹਾਦਰ ਸਿੰਘ, ਦਰਸ਼ਨ ਸਿੰਘ , ਨੰਬਰਦਾਰ ਹਰਭਜਨ ਸਿੰਘ, ਗਿਆਨੀ ਕੁਲਵਿੰਦਰ ਸਿੰਘ ਕਲਹੇੜੀ,ਪਰਦੀਪ ਬਾਬਾ,ਅਮਰੀਕ ਸਿੰਘ, ਲਖਵੀਰ ਸਿੰਘ, ਦਲੀਪ ਸਿੰਘ,ਭਜਨ ਸਿੰਘ, ਜਗਜੀਤ ਸਿੰਘ, ਗੁਰਦੇਵ ਸਿੰਘ,ਡਾ ਪਾਲ ਸਿੰਘ,ਜਗਾ ਰਾਮ, ਜੀਰਾ ਰਾਮ, ਹਾਕਮ ਸਿੰਘ, ਮੇਜ਼ਰ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ,ਸੋਹਣ ਸਿੰਘ ਆਦਿ ਪਤਵੰਤੇ ਸੱਜਣ ਅਤੇ ਆਮ ਲੋਕ ਹਾਜ਼ਰ ਸਨ।

# ਹੁਸ਼ਿਆਰਪੁਰ ਦਾ ਵਣ ਚੇਤਨਾ ਪਾਰਕ ਬਣਿਆ ਆਸ਼ਿਕਾਂ ਦਾ ਅੱਡਾ ਸ਼ਰੇਆਮ ਹੋ ਰਿਹਾ ਪਿਆਰ ਦਾ ਇਜ਼ਹਾਰ

ਨਿਰਭੈ ਸੋਚ/ਤਰਸੇਮ ਦੀਵਾਨਾ

ਹੁਸ਼ਿਆਰਪੁਰ, ਹੁਸ਼ਿਆਰਪੁਰ ਦੇ ਟਾਂਡਾ ਰੋਡ 'ਤੇ ਭੰਗੀ ਚੋਅ ਦੇ ਪੁਲ ਤੋਂ ਪਹਿਲਾਂ ਬੱਸੀ ਜਾਨਾ ਵਿਖੇ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਸਰਕਾਰ ਵਲੋਂ ਬਣਾਇਆ ਗਿਆ ÷ਵਣ ਚੇਤਨਾ ਪਾਰਕ÷ ਜਿੱਥੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ, ਪੰਛੀਆਂ ਦੀ ਹੋਂਦ ਨੂੰ ਬਚਾਉਣ, ਮਨੁੱਖ ਦੀ ਸਿਹਤ ਅਤੇ ਮਨ ਦੀ ਸ਼ਾਂਤੀ ਨੂੰ ਬਰਕਰਾਰ ਰੱਖਣ ਅਤੇ ਕੁਦਰਤੀ ਨਜਾਰਿਆਂ ਨੂੰ ਬਚਾਉਣ ਦੇ ਵੱਡੇ ਉਦੇਸ਼ ਨਾਲ ਸਥਾਪਿਤ ਕੀਤਾ ਗਿਆ ਸੀ ਪਰ 32 ਸਾਲਾਂ ਬਾਅਦ ਵੀ ਇਸ ਪਾਰਕ ਦੀ ਨੁਹਾਰ ਵਿਕਸਿਤ ਪਾਰਕ ਵਜੋਂ ਨਹੀਂ ਹੋ ਸਕੀ ਪਰ ਇਸ ਦੀ ਬਜਾਏ ਇਹ ਵਣ ਚੇਤਨਾ ਪਾਰਕ ਆਸ਼ਿਕਾਂ ਦੇ ਅੱਡੇ ਵੱਜੋਂ ਜਰੂਰ ਪ੍ਰਫੁਲਤ ਹੋਇਆ ਹੈ, ਜਿਸ ਦੀ ਇਲਾਕੇ ਵਿੱਚ ਚਰਚਾ ਜ਼ੋਰਾਂ ਹੈ, ਇਲਾਕੇ ਦੇ ਲੋਕਾਂ ਵਲੋਂ ਮਿਲੀਆਂ ਸ਼ਿਕਾਇਤਾਂ ਉਪਰੰਤ ਪੱਤਰਕਾਰਾਂ ਦੇ ਵਫਦ ਵੱਲੋਂ ਕੀਤੇ ਗਏ ਦੌਰੇ ਦੌਰਾਨ ਇਹ ਵਾਕਿਆ ਸਾਖਸ਼ਾਤ ਦੇਖਣ 'ਤੇ ਇਲਾਕੇ ਦੇ ਲੋਕਾਂ ਦੀ ਸੂਚਨਾ 100% ਸੱਚ ਸਾਬਿਤ ਹੋਈ । ਪੱਤਰਕਾਰਾਂ ਦੀ ਟੀਮ ਵੱਲੋਂ ਕੀਤੇ ਦੌਰੇ ਸਮੇਂ ਇਸ ਪਾਰਕ ਵਿੱਚ 14-15 ਸਾਲ ਤੋਂ 20-25 ਸਾਲ ਤੱਕ ਦੇ ਲੜਕੇ-ਲੜਕੀਆਂ ਜੋੜਿਆਂ ਦੇ ਰੂਪ ਵਿੱਚ ਇਕਾਂਤ ਜਗ ?ਹਾ 'ਤੇ ਬੇਹੱਦ ਇਤਰਾਜ਼ਯੋਗ ਹਾਲਤ ਵਿੱਚ ਬੈਠੇ ਦੇਖੇ ਗਏ, ਇਲਾਕੇ ਦੇ ਲੋਕਾਂ ਦੀ ਸੂਚਨਾ ਅਨੁਸਾਰ ਇਹੋ ਜਿਹੜੇ ਪ੍ਰੇਮੀ ਜੋੜੇ ਅਕਸਰ ਇਸ ਪਾਰਕ ਵਿੱਚ ਆਉਂਦੇ ਹਨ ਅਤੇ ਉਹ ਪਾਰਕ ਵਿੱਚ ਅਸ਼ਲੀਲ ਹਰਕਤਾਂ ਕਰਦੇ ਆਮ ਵੇਖੇ ਜਾ ਸਕਦੇ ਹਨ। ਨਿਸਚਿੱਤ ਤੌਰ 'ਤੇ ਇਹ ਪ੍ਰੇਮੀ ਜੋੜੇ ਮਾਤਾ-ਪਿਤਾ ਦੇ ਭਰੋਸੇ ਨੂੰ ਤੋੜ ਕੇ ਹੀ ਇਸ ਪਾਰਕ ਵਿੱਚ ਗੈਰ ਸਮਾਜਿਕ ਗਤੀਵਿਧੀਆਂ 'ਚ ਗਲਤਾਨ ਹੁੰਦੇ ਹੋਣਗੇ।



**ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ:**

ਬਹੁ ਚਰਚਿਤ ਵਣ ਚੇਤਨਾ ਪਾਰਕ ਦੇ ਆਸ਼ਿਕਾਂ ਦੇ ਅੱਡੇ ਵਿੱਚ ਤਬਦੀਲ ਹੋਣ ਸੰਬੰਧੀ ਪ੍ਰੇਸ਼ਾਨ ਹੋਏ ਇਲਾਕੇ ਦੇ ਵਸਨੀਕਾਂ ਨੇ ਪ੍ਰੇਮੀ ਜੋੜਿਆਂ ਦੀਆਂ ਗੈਰਸਮਾਜਿਕ, ਅਸ਼ਲੀਲ ਤੇ ਗੈਰ ਇਖਲਾਕੀ ਗਤੀਵਿਧੀਆਂ ਦੇ ਚਲਦਿਆਂ ਉਨ੍ਹਾਂ ਦੇ ਬੱਚਿਆਂ ਤੇ ਪੈਣ ਵਾਲੇ ਮਾੜੇ ਪ੍ਰਭਾਵ ਨੂੰ ਬਚਾਉਣ ਦੇ ਸਬੰਧ ਵਿੱਚ ਵਣ ਵਿਭਾਗ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਖਤੀ ਤੌਰ ਤੇ ਲਿਆਂਦਾ ਪਰ ਵਣ ਵਿਭਾਗ ਦੇ ਅਧਿਕਾਰੀਆਂ ਵਲੋਂ ਇੰਨ੍ਹਾਂ ਅਸ਼ਲੀਲ ਤੇ ਗੈਰ ਇਖਲਾਕੀ ਗਤੀਵਿਧਆਂ ਨੂੰ ਰੋਕਣ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ। ਸਗੋਂ ਸਵੇਰੇ 9 ਵਜੇ ਤੋ ਬਾਅਦ ਅਤੇ ਸ਼ਾਮ 4 ਵਜੇ ਤੋਂ ਪਹਿਲਾਂ ਪਾਰਕ ਵਿੱਚ ਆਉਣ ਲਈ 10/- ਰਪਏ ਪ੍ਰਤੀ ਵਿਅਕਤੀ ਅਤੇ 10/- ਰੁਪਏ ਪ੍ਰਤੀ ਵਹੀਕਲ ਦੀ 2 ਘੰਟੇ ਲਈ ਦਾਖਲਾ ਫੀਸ ਰੱਖ ਦਿੱਤੀ ਗਈ। ਅੱਜ ਕੱਲ ਜੋ ਵੀ ਵਿਅਕਤੀ ਇਸ ਪਾਰਕ ਵਿਖੇ ਸਵੇਰੇ 9 ਵਜੇ ਤੋਂ ਬਾਅਦ ਦਾਖਲ ਹੁੰਦਾ ਹੈ ਉਸ ਤੋਂ 20 ਰੁਪਏ ਦਾਖਲਾ ਫੀਸ ਲਈ ਜਾਂਦੀ ਹੈ। ਵਣ ਚੇਤਨਾ ਪਾਰਕ ਦੇ ਮੇਨ ਗੇਟ ਤੇ ਡਿਊਟੀ ਦੇ ਰਹੇ ਇੱਕ ਮੁਲਾਜ਼ਮ ਵਲੋਂ ਫੀਸ ਪ੍ਰਾਪਤ ਕਰਕੇ ਪਰਚੀਆਂ ਕਟੀਆਂ ਜਾਂਦੀਆਂ ਹਨ। ਮੁਲਾਜ਼ਮ ਦੇ ਦੱਸਣ ਮੁਤਾਬਿਕ ਇੰਨ੍ਹਾਂ ਪਰਚੀਆਂ ਦੇ ਕੱਟਣ ਨਾਲ ਵਣ ਵਿਭਾਗ ਨੂੰ ਪ੍ਰਤੀ ਦਿਨ 1000 ਤੋਂ ਲੈ ਕੇ 1500 ਰੁਪਏ ਤੱਕ ਆਮਦਨ ਹੋ ਜਾਂਦੀ ਹੈ ਅਤੇ ਨਵੇਂ ਵਿਆਹ ਸ਼ਾਦੀਆਂ ਵਾਲੇ ਪ੍ਰੀ ਵੈਡਿੰਗ ਸ਼ੂਟ ਲਈ ਆਉਣ ਵਾਲੇ ਜੋੜਿਆਂ ਪਾਸੋਂ 2500/- ਰੁਪਏ ਫੀਸ ਲਈ ਜਾਂਦੀ ਹੈ। ਪਾਰਕ ਵਿੱਚ ਦਾਖਲੇ ਲਈ ਜਾਇਜ ਫੀਸ ਦਾ ਰੱਖਣਾ ਕੋਈ ਮਾੜਾ ਨਹੀਂ ਜੇਕਰ ਉਸ ਫੀਸ ਨਾਲ ਪਾਰਕ ਦੀ ਮੁਰੰਮਤ ਜਾਂ ਨਵੀਨੀਕਰਨ ਲਈ ਉਪਰਾਲੇ ਕੀਤੇ ਜਾਂਦੇ ਹੋਣ। ਪਰ ਫੀਸ ਦੇ ਲਾਗੂ ਕਰਨ ਨਾਲ ਅਸ਼ਲੀਲ ਹਰਕਤਾਂ ਜਾਂ ਨਜਾਇਜ ਕੰਮ ਕਰਨ ਵਾਲੇ ਵੱਧ ਸੁਰੱਖਿਅਤ ਸਮਝਣ ਲੱਗ ਜਾਣ ਤਾਂ ਰੱਖੀ ਫੀਸ ਸਭਿਅਕ ਸਮਾਜ ਲਈ ਖਤਰਾ ਬਣ ਜਾਂਦੀ ਹੈ। ਪ੍ਰੇਮੀ ਜੋੜਿਆਂ ਲਈ ਇਸ ਪਾਰਕ ਵਿੱਚ ਕੇਵਲ 10-20 ਰੁਪਏ ਖਰਚ ਕੇ ਖੁੱਲ੍ਹੇਆਮ ਮੌਜ ਮਸਤੀ ਕਰਨਾ ਕੋਈ ਮਹਿੰਗਾ ਸੌਦਾ ਨਹੀਂ ਕਿਉਂਕਿ ਕਿਸੇ ਹੋਟਲ ਜਾਂ ਰੈਸਟੋਰੈਂਟ ਵਿੱਚ ਇਹੀ ਖਰਚਾ ਹਜ਼ਾਰਾਂ ਤੱਕ ਪੁੱਜ ਜਾਂਦਾ ਹੈ। ਵਣ ਵਿਭਾਗ ਦਾ ਕੋਈ ਵੀ ਮੁਲਾਜਮ/ਅਧਿਕਾਰੀ/ਸਥਾਨਕ ਪ੍ਰਸਾਸ਼ਨ ਅਜਿਹੇ ਗੈਰ ਸਭਿਅਕ ਜੋੜਿਆਂ ਨੂੰ ਅਸ਼ਲੀਲ ਹਰਕਤਾਂ ਤੋਂ ਨਹੀ ਰੋਕ ਰਿਹਾ ਜਾਪਦਾ। ਅਜਿਹੇ ਵਰਤਾਰੇ ਨਾਲ ਸਮਾਜ ਵਿੱਚ ਅਸੰਤੁਲਨ, ਬੇਚੈਨੀ ਅਤੇ ਲੜਾਈਆਂ ਝਗੜੇ ਵੱਧਣਗੇ। ਉਨ੍ਹਾਂ ਮਾਪਿਆਂ ਦੀ ਜਿੰਦਗੀ ਵੀ ਦੁਭੱਰ ਹੋਵੇਗੀ ਜੋ ਆਪਣੇ ਲੜਕੇ-ਲੜਕੀਆਂ ਨੂੰ ਬੇਹੱਦ ਪਿਆਰ ਕਰਦੇ ਹਨ ਅਤੇ ਔਖੇ ਹੋ ਕੇ ਵੀ ਪੜ੍ਹਾਉਂਦੇ ਹੋਣਗੇ। ਜਦੋਂ ਉਨ੍ਹਾਂ ਮਾਪਿਆਂ ਨੂੰ ਪਤਾ ਲੱਗੇਗਾ ਕਿ ਉਨ੍ਹਾਂ ਦੇ ਬੱਚੇ ਛੋਟੀ ਉਮਰੇ ਹੀ ਗਲਤ ਸੁਸਾਇਟੀ ਦਾ ਸ਼ਿਕਾਰ ਹੋ ਕੇ ਪੜ੍ਹਣ ਦੀ ਜਗ ?ਹਾ ਰੰਗ ਰਲੀਆਂ ਮਨਾ ਕੇ ਆਪਣੀ ਜਿੰਦਗੀ ਅਤੇ ਮਾਪਿਆਂ ਦੀ ਇਜੱਤ ਸ਼ਰੇਆਮ ਮਿੱਟੀ ਵਿੱਚ ਮਿਲਾ ਕੇ ਨਮੋਸ਼ੀ ਭਰੀ ਜਿੰਦਗੀ ਜਿਊਣ ਲਈ ਮਜਬੂਰ ਕਰ ਰਹੇ ਹਨ। ਅਜਿਹਾ ਸਮਾਂ ਉਨ੍ਹਾਂ ਮਾਪਿਆਂ ਲਈ ਬਹੁਤ ਦੁੱਖ ਦੀ ਘੜੀ ਹੁੰਦਾ ਹੈ ਜਦੋਂ ਉਨ੍ਹਾਂ ਦੇ ਬੱਚੇ ਬਾਗੀ ਹੋ ਕੇ ਜਵਾਨੀ ਦੇ ਅੰਨ੍ਹੇ ਜੋਸ਼ ਵਿੱਚ ਅਸਲ਼ੀਲ ਹਰਕਤਾਂ ਜਾਂ ਨਜਾਇਜ ਸਬੰਧ ਬਣਾਉਂਦੇ ਫੜ੍ਹੇ ਜਾਣ।

**ਇਨ੍ਹਾਂ ਸਰਗਰਮੀਆਂ ਨੂੰ ਰੋਕਣ ਲਈ ਵਿਭਾਗ/ਪ੍ਰਸ਼ਾਸ਼ਨ ਕੀ ਕਰੇ :-**

ਲੋਕਾਂ ਵੱਲੋਂ ਅਜਿਹੀ ਸਥਿਤੀ ਨੂੰ ਰੋਕਣ ਲਈ ਦਿੱਤੇ ਸੁਝਾਓ ਮੁਤਾਬਿਕ ਵਣ ਚੇਤਨਾ ਪਾਰਕ ਵਿੱਚ ਢੁਕਵੇਂ ਸਥਾਨਾਂ ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣ, ਦੋ ਵਾਰ ਤੋਂ ਵੱਧ ਸਮੇਂ ਤੋਂ ਪਾਰਕ ਵਿੱਚ ਆ ਰਹੇ ਵਹੀਕਲਾਂ ਸਬੰਧੀ ਵਣ ਵਿਭਾਗ, ਸਥਾਨਕ ਪ੍ਰਸਾਸ਼ਨ ਅਤੇ ਪੁਲਿਸ ਪ੍ਰਸਾਸ਼ਨ ਵਹੀਕਲਾਂ ਦੀਆਂ ਨੰਬਰ ਪਲੇਟਾਂ ਤੋਂ ਉਨ੍ਹਾਂ ਦੇ ਮਾਪਿਆਂ ਨਾਲ ਗੁਪਤ ਤੌਰ ਤੇ ਰਾਬਤਾ ਬਣਾ ਕੇ ਬੱਚਿਆਂ ਦੀ ਕੋਂਸਲਿੰਗ ਕਰਕੇ ਸੁਧਰਨ ਦਾ ਮੌਕਾ ਦੇਣ ਲਈ ਯੋਗ ਉਪਰਾਲੇ ਕਰੇ.

**ਕੀ ਕਹਿੰਦੇ ਨੇ ਰੇਂਜ ਅਫ਼ਸਰ :-**

ਇਸ ਸਬੰਧੀ ਸੰਪਰਕ ਕੀਤੇ ਜਾਣ ਤੇ ਇਸ ਵਣ ਚੇਤਨਾ ਪਾਰਕ ਦੇ ਪ੍ਰਬੰਧਕ ਵਣ ਰੇਂਜ ਅਫਸਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਨੂੰ ਅਜਿਹੀ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਹੈ, ਉਹਨਾਂ ਇਹ ਮੰਨਿਆ ਕਿ ਪਾਰਕਿੰਗ ਵਿੱਚ ਆਉਣ ਵਾਲਿਆਂ ਲਈ ਫੀਸ ਰੱਖੀ ਗਈ ਹੈ। ਪਰ ਇਹ ਫੀਸ ਮਾਮੂਲੀ ਜਿਹੀ ਹੋਣ ਕਰਕੇ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣ ਵਿੱਚ ਵੀ ਨਾ ਕਾਫੀ ਹੈ, ਉਹਨਾਂ ਕਿਹਾ ਕਿ ਜੇਕਰ ਅਜਿਹੇ ਵਾਪਰ ਰਿਹਾ ਹੈ ਤਾਂ ਉਹ ਆਪਣੇ ਪੱਧਰ ਤੇ ਬਣਦੀ ਕਾਰਵਾਈ ਜਰੂਰ ਕਰਨਗੇ ਜੇਕਰ ਸੰਭਵ ਹੋਇਆ ਤਾਂ ਪੁਲਿਸ ਦੀ ਸਹਾਇਤਾ ਵੀ ਲਈ ਜਾਵੇਗੀ।

**ਕੀ ਕਹਿੰਦੇ ਨੇ ਜ਼ਿਲਾ ਪੁਲਿਸ ਮੁਖੀ :-**

ਪੱਤਰਕਾਰਾਂ ਦੀ ਟੀਮ ਵੱਲੋਂ ਇਹ ਮਾਮਲਾ ਜਿਲਾ ਪੁਲਿਸ ਮੁਖੀ ਸੁਰਿੰਦਰ ਲਾਂਬਾ ਆਈਪੀਐਸ ਦੇ ਧਿਆਨ ਵਿੱਚ ਲਿਆਉਣ ਤੇ ਉਹਨਾਂ ਤੁਰੰਤ ਸਮਰੱਥ ਅਧਿਕਾਰੀ ਦੀ ਡਿਊਟੀ ਲਗਾਉਂਦਿਆਂ ਸ਼ਹਿਰ ਦੇ ਸਮੁੱਚੇ ਪਾਰਕਾਂ ਦੇ ਸੰਬੰਧ ਵਿੱਚ ਰਿਪੋਰਟ ਤਲਬ ਕਰ ਲਈ।

## ਸੰਖੇਪ ਖਬਰਾਂ

### ਪੁਲਿਸ ਮੁਲਾਜ਼ਮ ਦੀ ਅਚਾਨਕ ਗੋਲੀ ਚੱਲਣ ਨਾਲ ਮੌਤ

ਨਿਰਭੈ ਸੋਚ/ਜਗਸੀਰ ਸਿੰਘ

ਲੌਂਗੋਵਾਲ, ਪੁਲਿਸ ਲਾਈਨ ਸੰਗਰੂਰ ਵਿਖੇ ਤਾਇਨਾਤ ਲੌਂਗੋਵਾਲ ਦਾ ਨੌਜਵਾਨ ਕਾਂਸਟੇਬਲ ਪ੍ਰਭਜੋਤ ਸਿੰਘ ਅੱਜ ਸਵੇਰੇ ਆਪਣੇ ਘਰ



ਵਿਖੇ ਜਦੋਂ ਡਿਊਟੀ ਤੇ ਜਾਣ ਲਈ ਤਿਆਰ ਹੋਣ ਲੱਗਾ ਤਾਂ ਗੰਨ ਦੀ ਸਫਾਈ ਕਰਦਿਆਂ ਅਚਾਨਕ ਗੋਲੀ ਚੱਲਣ ਕਾਰਨ ਪ੍ਰਭਜੋਤ ਸਿੰਘ ਦੀ ਦਰਦਨਾਕ ਮੌਤ ਗਈ ।ਗੋਲੀ ਲੱਗਣ ਤੋਂ ਬਾਅਦ ਪ੍ਰਭਜੋਤ ਸਿੰਘ ਨੂੰ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵਿਖੇ ਲਿਜਾਇਆ ਗਿਆ ਤਾਂ ਜਿਥੇ ਉਸ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ ।ਮ੍ਰਿਤਕ ਕਾਂਸਟੇਬਲ ਪ੍ਰਭਜੋਤ ਸਿੰਘ ਐਸਜੀਪੀਸੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੇ ਕਾਫੀ ਸਮਾਂ ਗੰਨਮੈਨ ਰਹੇ ਅਤੇ ਕੁਝ ਸਮਾਂ ਪਹਿਲਾਂ ਹੀ ਉਸਦੀ ਬਦਲੀ ਪੁਲਿਸ ਲਾਈਨ ਸੰਗਰੂਰ ਵਿਖੇ ਹੋਈ ਸੀ । ਪ੍ਰਭਜੋਤ ਸਿੰਘ ਦੇ ਦੇਹਾਂਤ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਸ੍ਰੀਮਤੀ ਪਰਮਿੰਦਰ ਕੌਰ ਬਰਾੜ, ਜ਼ਿਲਾ ਯੂਥ ਕਾਂਗਰਸ ਪ੍ਰਧਾਨ ਗੁਰਤੇਗ ਸਿੰਘ ਲੌਂਗੋਵਾਲ, ਨਗਰ ਕੌਂਸਲ ਦੇ ਮੀਤ ਪ੍ਰਧਾਨ ਰਣਜੀਤ ਸਿੰਘ ਸਿੱਧੂ, ਕੌਂਸਲਰ ਗੁਰਮੀਤ ਸਿੰਘ ਲੱਲੀ, ਕੌਂਸਲਰ ਗੁਰਮੀਤ ਸਿੰਘ ਫੌਜੀ, ਬੀਜੇਪੀ ਦੇ ਸੀਨੀਅਰ ਆਗੂ ਵਿਜੈ ਕੁਮਾਰ ਲੌਂਗੋਵਾਲ, ਭਾਜਪਾ ਦੇ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ ਆਦਿ ਨੇ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਭਜੋਤ ਸਿੰਘ ਦੇ ਦੇਹਾਂਤ ਕਾਰਨ ਕਾਰਨ ਇਲਾਕੇ ਵਿਚ ਸੋਗ ਦੀ ਲਹਿਰ ਹੈ।

### ਕੰਚਨ ਮਿੱਤਲ ਮਿਨਿਸਟਰੀਜ਼ ਨੇ ਨੌਜਵਾਨਾਂ ਲਈ ਜੀਵਨ ਬਦਲਣ ਵਾਲੇ ਸਮਰ ਕੈਂਪ ਦਾ ਸਫਲਤਾਪੂਰਵਕ ਆਯੋਜਨ ਕੀਤਾ

ਨਿਰਭੈ ਸੋਚ / ਤਜਿੰਦਰ ਕੌਰ

ਚੰਡੀਗੜ੍ਹ, ਕੰਚਨ ਮਿੱਤਲ ਮਿਨਿਸਟ ?ਰੀਜ਼ ਨੇ ਨੌਜਵਾਨਾਂ ਲਈ ਜੀਵਨ ਬਦਲਣ ਵਾਲਾ ਸਮਰ ਕੈਂਪ 2024 ਸਫਲਤਾਪੂਰਵਕ ਆਯੋਜਿਤ ਕੀਤਾ। 5-ਦਿਨਾ ਪ੍ਰੋਗਰਾਮ ਵਿੱਚ ਅਧਿਆਤਮਿਕ ਵਿਕਾਸ, ਨੈਤਿਕ ਕਦਰਾਂ-ਕੀਮਤਾਂ, ਨੌਜਵਾਨਾਂ ਦੀਆਂ ਚੁਣੌਤੀਆਂ, ਸਾਈਬਰ ਸੁਰੱਖਿਆ, ਸਿਹਤ ਅਤੇ ਤੰਦਰੁਸਤੀ, ਅੱਗ ਸੁਰੱਖਿਆ ਅਤੇ ਮਾਰਸ਼ਲ ਆਰਟਸ 'ਤੇ ਸੈਸ਼ਨ ਸ਼ਾਮਲ ਸਨ। ਸਰੀਰਕ ਵਿਕਾਸ ਲਈ ਸਰੀਰਕ ਗਤੀਵਿਧੀਆਂ ਅਤੇ ਖੇਡਾਂ ਵੀ ਹੁੰਦੀਆਂ ਸਨ।



ਕੈਂਪ ਨੇ ਭਾਰਤ ਭਰ ਦੇ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਵੱਲ ਇੱਕ ਦ੍ਰਿਸ਼ਟੀਕੋਣ ਦਿੱਤਾ। ਕੈਂਪ ਵਿੱਚ ਭਾਰਤ ਭਰ ਤੋਂ 300 ਨੌਜਵਾਨਾਂ ਨੇ ਭਾਗ ਲਿਆ। ਪਾਸਟਰ ਅਭਿਸ਼ੇਕ ਮਿੱਤਲ ਨੇ ਦੱਸਿਆ ਕਿ ਕੈਂਪ ਦੌਰਾਨ ਸੁਆਦੀ ਭੋਜਨ ਵਰਤਾਇਆ ਗਿਆ। ਕੈਂਪ ਦੀ ਸ਼ੁਰੂਆਤ ਵਿੱਚ ਨੌਜਵਾਨਾਂ ਨੂੰ ਮੁਫ਼ਤ ਫ਼ੋਨ ਦਾ ਤਜਰਬਾ ਯਕੀਨੀ ਬਣਾਉਣ ਲਈ ਮੋਬਾਈਲ ਫ਼ੋਨ ਇਕੱਠੇ ਕੀਤੇ ਗਏ। ਨੌਜਵਾਨਾਂ ਨੇ ਜ਼ਰੂਰੀ ਜੀਵਨ ਹੁਨਰ ਸਿੱਖਣ ਲਈ ਸਫ਼ਾਈ ਅਤੇ ਖਾਣਾ ਪਕਾਉਣ ਵਿੱਚ ਵੀ ਸਵੈ-ਇੱਛਾ ਨਾਲ ਕੰਮ ਕੀਤਾ। ਪ੍ਰੋਗਰਾਮ ਦੇ ਗੈਸਟ ਬੁਲਾਰਿਆਂ ਵਿੱਚ ਅਭਿਸ਼ੇਕ ਮਿੱਤਲ, ਪਾਸਟਰ ਅਸ਼ੀਸ਼ ਮਿੱਤਲ, ਪਾਸਟਰ ਪ੍ਰਾਚੀ ਮਿੱਤਲ, ਸਿਸਟਰ ਮਨਪ੍ਰੀਤ ਮਿੱਤਲ, ਡਾ: ਸੁਨੀਲ ਸਾਦਿਕ, ਡਾ: ਅਮਨਧੀਰ ਕਪੂਰ, ਫਿਲਾਡੇਲਫੀਆ ਹਸਪਤਾਲ ਦੇ ਡਾਇਰੈਕਟਰ

**ਇਹ ਡੀਜੀਟਲ ਐਡੀਸ਼ਨ ਹੈ, ਇਸ ਲਈ ਪ੍ਰਿੰਟ ਲਾਈਨ ਦੀ ਵਰਤੋਂ ਕਰਨੀ ਜ਼ਰੂਰੀ ਨਹੀਂ ਹੈ।**

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਰਤਨ ਸਮਾਗਮ ਅੰਦਰ ਵੱਡੀ ਗਿਣਤੀ 'ਚ ਸੰਗਤਾਂ ਨੇ ਭਰੀਆਂ ਹਾਜ਼ਰੀਆਂ

## ਪੰਥ ਪ੍ਰਸਿੱਧ ਕੀਰਤਨੀਏ ਭਾਈ ਰਣਜੀਤ ਸਿੰਘ ਗੁਰਦਾਸਪੁਰ ਦੇ ਹਜ਼ੂਰੀ ਜੱਥੇ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਕੀਤਾ ਨਿਹਾਲ

ਨਿਰਭੈ ਸੋਚ/ਕਰਨੈਲ ਸਿੰਘ ਐੱਮ.ਏ.



ਲੁਧਿਆਣਾ, ਬੀਤੀ ਸ਼ਾਮ ਗੁਰਦੁਆਰਾ ਸ਼ ?ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਖੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਦੇ ਨਾਲ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ਼ ?ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਸ਼ ?ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪਣਾ ਸਿੱਜਦਾ ਤੇ ਸਤਿਕਾਰ ਅਰਪਿਤ ਕੀਤਾ। ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੇ ਗਏ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਰਣਜੀਤ ਸਿੰਘ ਗੁਰਦਾਸਪੁਰ ਹਜ਼ੂਰੀ ਰਾਗੀ ਸੱਚਖੰਡ ਸ਼ ?ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਵਿਸ਼ੇਸ਼ ਤੌਰ ਤੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਕੀਰਤਨ ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਗੁਰਦਾਸਪੁਰ ਵਾਲਿਆਂ ਨੇ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ਼ ?ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨ ਕੇ ਜਿੱਥੇ ਸੰਗਤਾਂ ਅੰਦਰ ਭਗਤੀ ਤੇ ਸ਼ਕਤੀ ਦੇ ਸੰਕਲਪ ਨੂੰ ਉਭਾਰਿਆ ਉੱਥੇ ਸ਼ ?ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕਰਕੇ ਆਪਣੀ ਆਜ਼ਾਦ ਤੇ ਨਿੱਡਰਤਾ ਵਾਲੀ ਸੋਚ ਦਾ ਪ੍ਰਗਟਾਵਾ ਕਰਕੇ ਇੱਕ ਨਵੇਂ ਅਧਿਆਇ ਦੀ ਆਰੰਭਤਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਪਰਉਪਕਾਰ ਵਿੱਚ ਕਿਸੇ ਉੱਚੇ ਆਦਰਸ਼ ਲਈ ਬਤੀਤ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਦੱਸਦਿਆਂ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉੱਪਰ ਚੱਲਣ, ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਮੱਕੜ, ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ, ਭੁਪਿੰਦਰ ਸਿੰਘ ਜੁਨੇਜਾ, ਰਜਿੰਦਰ ਸਿੰਘ ਡੰਗ, ਸਰਬਜੀਤ ਸਿੰਘ ਦਸ਼ਮੇਸ਼ ਪੰਪ ਵਾਲੇ , ਮਨਜੀਤ ਸਿੰਘ ਨਾਟੀ, ਗੁਰਬਚਨ ਸਿੰਘ, ਸੁਰਿੰਦਰਪਾਲ ਸਿੰਘ ਭੁਟੀਆਨੀ, ਨਰਿੰਦਰਪਾਲ ਸਿੰਘ ਕਥੂਰੀਆ, ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ, ਹਰਪ੍ਰੀਤ ਸਿੰਘ ਨੀਟਾ, ਸ੍ਰ: ਪ੍ਰੇਮ ਸਿੰਘ ,ਅਵਤਾਰ ਸਿੰਘ ਮਿੱਡਾ, ਦਵਿੰਦਰ ਸਿੰਘ ਬਿੱਟੂ, ਹਰਚਰਨ ਸਿੰਘ ਕਾਲੜਾ, ਕੰਵਲਪ੍ਰੀਤ ਸਿੰਘ ਸੋਢੀ, ਚਰਨਜੀਤ ਸਿੰਘ ਚੰਨਾ, ਇੰਦਰਜੀਤ ਸਿੰਘ ਛਾਬੜਾ, ਵਿਜੈ ਕੁਮਾਰ ਸੂਦ, ਮਹਿੰਦਰ ਸਿੰਘ ਡੰਗ, ਅੱਤਰ ਸਿੰਘ ਮੱਕੜ, ਬਲਜੀਤ ਸਿੰਘ ਬਾਵਾ, ਹਰਮੀਤ ਸਿੰਘ ਡੰਗ, ਮਨਮੋਹਨ ਸਿੰਘ, ਅਵਤਾਰ ਸਿੰਘ ਬੀ.ਕੇ, ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

## ਦੀਪਇੰਦਰ ਢਿੱਲੋਂ ਅਤੇ ਉਦੇਵੀਰ ਢਿੱਲੋਂ ਨੇ ਕੀਤੀ ਐੱਮ ਪੀ ਡਾ ਧਰਮਵੀਰ ਗਾਂਧੀ ਨਾਲ ਮੁਲਾਕਾਤ



ਨਿਰਭੈ ਸੋਚ/ ਵਿਨੋਦ ਗੁਪਤਾ

ਜ਼ੀਰਕਪੁਰ, ਦੀਪਇੰਦਰ ਸਿੰਘ ਢਿੱਲੋਂ, ਹਲਕਾ ਇੰਚਾਰਜ ਡੇਰਾਬੱਸੀ ਅਤੇ ਉਦੇਵੀਰ ਸਿੰਘ ਢਿੱਲੋਂ ਪ੍ਰਧਾਨ ਨਗਰ ਕੌਂਸਲ ਜ਼ੀਰਕਪੁਰ ਮੀਤ ਪ੍ਰਧਾਨ ਪੰਜਾਬ ਯੂਥ ਕਾਂਗਰਸ ਨੇ ਡਾਂ. ਧਰਮਵੀਰ ਗਾਂਧੀ ਨਾਲ ਮੁਲਾਕਾਤ ਕੀਤੀ ।ਇਸ ਮੌਕੇ ਦੀਪਇੰਦਰ ਸਿੰਘ ਢਿੱਲੋਂ ਨੇ ਡਾਂ ਗਾਂਧੀ ਨੂੰ ਵਧਾਈ ਦਿੰਦੇ ਹੋਏ ਹਲਕਾ ਡੇਰਾਬੱਸੀ ਦੇ ਕੇਂਦਰ ਸਰਕਾਰ ਨਾਲ ਸੰਬੰਧਿਤ ਮਸਲਿਆਂ ਬਾਰੇ ਚਰਚਾ ਕੀਤੀ ਜਿਹਨਾਂ ਨੂੰ ਕੇਂਦਰ ਸਰਕਾਰ ਦੀ ਮਦਦ ਨਾਲ ਮਿਲਕੇ ਹੱਲ ਕਰਨ ਦੀ ਅਪੀਲ ਕੀਤੀ। ਇਸਦੇ ਨਾਲ ਮੌਕੇ ਡਾਂ ਗਾਂਧੀ ਨੇ ਦੀਪਇੰਦਰ ਸਿੰਘ ਢਿੱਲੋਂ ਅਤੇ ਉਦੇਵੀਰ ਸਿੰਘ ਢਿੱਲੋਂ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਦੇ ਹਲਕੇ ਦੀਆਂ ਸਮਸਿਆਵਾਂ ਨੂੰ ਸੁਣਦੇ ਹੋਏ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਢਿੱਲੋਂ ਨੇ ਦੱਸਿਆ ਕਿ ਹਲਕੇ ਦੇ ਕੁਝ ਅਜਿਹੇ ਮਸਲੇ ਹਨ ਜਿਹੜੇ ਕੇਂਦਰ ਸਰਕਾਰ ਨਾਲ ਸਬੰਧਤ ਹਨ ਅਤੇ ਕੇਦਰੀ ਸਰਕਰ ਨਾਲ ਹੀ ਹੱਲ ਕੀਤੇ ਜਾ ਸਕਦੇ ਹਨ। ਉਹਨਾਂ ਕਿਹਾ ਕਿ ਡੇਰਾਬੱਸੀ ਡਾ. ਗਾਂਧੀ ਦੇ ਲੋਕ ਸਭਾ ਹਲਕੇ ਦਾ ਹਿੱਸਾ ਹੈ। ਇਸ ਕਰਕੇ ਉਨਾਂ ਵੱਲੋ ਇੱਥੇ ਕਦੇ ਵੀ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਾ ਗਾਂਧੀ ਕਿਸਾਨੀ, ਮਜ਼ਦੂਰਾਂ, ਨੌਜਵਾਨਾਂ, ਦੁਕਾਨਦਾਰਾਂ, ਛੋਟੇ ਵਪਾਰੀਆਂ ਸਮੇਤ ਹਰ ਵਰਗ ਲਈ ਕੰਮ ਕਰਨਗੇ। ਇਸ ਮੌਕੇ

ਡਾ ਧਰਮਵੀਰ ਗਾਂਧੀ ਨੇ ਦੀਪਇੰਦਰ ਸਿੰਘ ਢਿੱਲੋਂ ਅਤੇ ਉਦੈਵੀਰ ਸਿੰਘ ਢਿੱਲੋਂ ਦਾ ਸਵਾਗਤ ਕਰਦਿਆਂ ਡੇਰਾਬੱਸੀ ਹਲਕੇ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਦਾ ਭਰੋਸਾ ਦਿੱਤਾ। ਉਨਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਦੀਪਇੰਦਰ ਢਿੱਲੋਂ ਅਤੇ ਉਦੈਵੀਰ ਢਿਲੋਂ ਨੇ ਦਿਨ ਰਾਤ ਇੱਕ ਕਰਕੇ ਪਾਰਟੀ ਦੇ ਹੱਕ ਵਿੱਚ ਮਿਹਨਤ ਕੀਤੀ ਜਿਸ ਨਾਲ ਪਾਰਟੀ ਨੂੰ ਡੇਰਾਬੱਸੀ ਵਿੱਚ ਮਜ਼ਬੂਤੀ ਮਿਲੀ। ਡਾ ਗਾਂਧੀ ਨੇ ਕਿਹਾ ਕਿ ਉਹ ਡੇਰਾਬੱਸੀ ਹਲਕੇ ਦੇ ਵਾਸੀਆਂ ਨਾਲ ਹਮੇਸ਼ਾ ਖੜ੍ਹੇ ਹਨ ਅਤੇ ਦੀਪਇੰਦਰ ਢਿੱਲੋਂ ਵੱਲੋ ਦੱਸੇ ਗਏ ਮਸਲੇ ਛੇਤੀ ਹੱਲ ਕਰਵਾਏ ਜਾਣਗੇ।

## ਅਧਿਕਾਰੀ ਮੌਨਸੂਨ ਸੀਜਨ ਤੋਂ ਪਹਿਲਾਂ ਡਰੇਨਾਂ ਦੀ ਸਫਾਈ ਯਕੀਨੀ ਬਨਾਉਣ-ਸੁਧਾ

ਨਿਰਭੈ ਸੋਚ/ ਸਤਨਾਮ ਸਿੰਘ




ਸ਼ਾਹਬਾਦ ਮਾਰਕੰਡਾ, ਸ਼ਹਿਰੀ ਸਥਾਨਕ ਸਰਕਾਰਾਂ ਰਾਜ ਮੰਤਰੀ ਸੁਭਾਸ਼ ਸੁਧਾ ਨੇ ਅੱਜ ਡਿਪਟੀ ਕਮਿਸ਼ਨਰ ਦਫਤਰ ਵਿਚ ਨਗਰ ਕੌਂਸਲ ਤੇ ਹੋਰ ਸੰਬੰਧਿਤ ਅਧਿਕਾਰੀਆਂ ਦੇ ਨਾਲ ਮੀਟਿੰਗ ਕਰ ਕੇ ਨਾਲਿਆਂ ਦੀ ਸਫਾਈ ਵਿਵਸਥਾ ਦਾ ਜਾਇਜਾ ਲਿਆ। ਉਨਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਬਰਸਾਤ ਤੋਂ ਪਹਿਲਾਂ ਸਾਰੀਆਂ ਡਰੇਨਾਂ ਤੇ ਨਾਲਿਆਂ ਦੀ ਸਫਾਈ ਨੂੰ ਯਕੀਨੀ ਬਨਾਉਣ ਤਾਂ ਜੋ ਬਰਸਾਤ ਦੇ ਮੌਸਮ ਵਿਚ ਪਾਣੀ ਭਰਨ ਦੀ ਸਥਿਤੀ ਪੈਦਾ ਨਾ ਹੋਵੇ। ਸੁਧਾ ਨੇ ਜਾਣਕਾਰੀ ਲਈ ਕਿ ਡਰੇਨਾਂ ਦੀ ਸਫਾਈ ਦਾ ਕੰਮ ਕਿਥੇ ਕਿਥੇ ਹੋਇਆ ਹੈ ਤੇ ਕਿਥੇ ਬਾਕੀ ਹੈ ।ਉਨਾਂ ਕਿਹਾ ਕਿ ਹਾਲ ਹੀ ਵਿਚ ਉਨਾਂ ਨੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਸਫਾਈ ਵਿਵਸਥਾ ਦਾ ਜਾਇਜਾ ਲਿਆ ਸੀ , ਇਸ ਦੌਰਾਨ ਉਨਾਂ ਨੇ ਸਰਸਵਤੀ ਬੋਰਡ ਤੇ ਨਗਰ ਕੌਂਸਲ ਤੇ ਸਿੰਚਾਈ ਵਿਭਾਗ ਅਧੀਨ ਆਉਂਦੇ ਖੇਤਰਾਂ ਵਿਚ ਡਰੇਨਾਂ ਦੀ ਸਫਾਈ ਦਾ ਜਾਇਜਾ ਲੈ ਕੇ ਅਸਲੀਅਤ ਜਾਂਚੀ ਹੈ। ਉਨਾਂ ਅਧਿਕਾਰੀਆਂ ਨੂੰਸਪਸ਼ਟ ਤੌਰ ਤੇ ਕਿਹਾ ਕਿ ਜਿਥੇ ਸਫਾਈ ਦਾ ਕੰਮ ਚਲ ਰਿਹਾ ਹੈ ਉਸ ਇਲਾਕੇ ਦੀਆਂ ਫੋਟੋਆਂ ਖਿਚਣੀਆਂ ਯਕੀਨੀ ਬਨਾਉਣ ਤੇ ਉਸ ਇਲਾਕੇ ਦੇ ਲੋਕਾਂ ਦੇ ਦਸਤਖਤ ਵੀ ਲੈਣ। ਇਸ ਦਾ ਉਦੇਸ਼ ਹੈ ਸਫਾਈ ?ਵਿਵਸਥਾ ਨੂੰ ਬੇਹਤਰ ਬਨਾਉਣਾ ਤਾਂ ਜੋ ਬਰਸਾਤੀ ਦਿਨਾਂ ਵਿਚ ਆਮ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨਾਂ ਕਿਹਾ ਕਿ ਜੇ ਕਰ ਡਰੇਨਾਂ ਦੀ ਸਫਾਈ ਜਾਂ ਹੋਰ ਸਫਾਈ ਦੇ ਕੰਮਾਂ ਵਿਚ ਕੋਈ ਕਮੀ ਰਹਿੰਦੀ ਹੈ ਤੇ ਲੋਕਾਂ ਦੀ ਤਸੱਲੀ ਨਹੀਂ ਹੁੰਦੀ ਤਾਂ ਸੰਬੰਧਿਤ ਏਂਜਸੀ ਨੂੰ ਅਦਾਇਗੀ ਨਹੀਂ ਕੀਤੀ ਜਾਏਗੀ। ਲੋਕਾਂ ਨੂੰ ਰਾਹਤ ਪਹੁੰਚਾਉਣੀ ਸੰਬੰਧਿਤ ਵਿਭਾਗ ਦੀ ਹੈ ਜਿਸ ਨੂੰ ਬੇਹਤਰ ਤੇ ਯਕੀਨੀ ਬਨਾਉਣਾ ਉਸ ਦੀ ਜਿੰਮੇਵਾਰੀ ਹੈ। ਉਨਾਂ ਕਿਹਾ ਕਿ ਸਫਾਈ ਵਿਵਸਥਾ ਨੂੰ ਲੈ ਕੇ ਮਿਉਂਸਪਲ ਮੈਜਿਸਟਰੇਟ ਦੀ ਡਿਊਟੀ ਲਾਈ ਗਈ ਹੈ । ਉਹ ਸੰਬੰਧਿਤ ਥਾਵਾਂ ਤੇ ਸਫਾਈ ਵਿਵਸਥਾ ਦਾ ਜਾਇਜਾ ਲੈ ਕੇ ਵਧੀਕ ਡਿਪਟੀ ਕਮਿਸ਼ਨਰ ਨੂੰ ਰਿਪੋਰਟ ਦੇਣਗੇ ।ਉਨਾਂ ਕਿਹਾ ਕਿ ਉਹ ਖੁਦ ਤੇ ਡਿਪਟੀ ਕਮਿਸ਼ਨਰ ਵੀ ਇਨਾਂ ਕੰਮਾਂ ਦੀ ਦੇਖ ਰੇਖ ਕਰਨਗੇ। ਜਿਲਾ ਪ੍ਰਸ਼ਾਸ਼ਨ ਵਲੋਂ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਆਮ ਲੋਕਾਂ ਨੂੰ ਕਿਧਰੇ ਵੀ ਪਾਣੀ ਭਰਨ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਪ੍ਰਸ਼ਾਸ਼ਨ ਵਲੋਂ ਇਸ ਕੰਮ ਤੇ ਲਗਾਤਾਰ ਨਜਰ ਰੱਖੀ ਜਾ ਰਹੀ ਹੈ।

# ਇਨੈਲੋ ,ਬਸਪਾ ਤੇ ਜਜਪਾ ਆਦਿ ਦੇ 30ਉਮੀਦਵਾਰਾਂ ਨੂੰ ਵੀ ਮੇਰੇ ਜਿੰਨੀਆਂ ਵੋਟਾਂ ਨਹੀਂ ਮਿਲਿਆਂ-ਡਾ ਸੁਸ਼ੀਲ ਗੁਪਤਾ

## ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਡਾ ਸੁਸ਼ੀਲ ਗੁਪਤਾ ਨੇ ਸਮੀਖਿਆ ਮੀਟਿੰਗ ਕੀਤੀ ਤੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਦੇ ਲੋਕਾਂ ਦਾ ਧੰਨਵਾਦ ਕੀਤਾ ਤੇ 30 ਜੂਨ ਦੀ ਰੈਲੀ ਦਾ ਸੱਦਾ ਦਿੱਤਾ

ਨਿਰਭੈ ਸੋਚ/ ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ,ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਡਾ ਸੁਸ਼ੀਲ ਗੁਪਤਾ ਨੇ ਅੱਜ ਇਥੇ ਵਰਕਰਾਂ ਨਾਲ ਸਮੀਖਿਆ ਮੀਟਿੰਗ ਕੀਤੀ ਤੇ ਇਸ ਦੌਰਾਨ ਉਨਾਂ ਨੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਦੇ ਲੋਕਾਂ ਦਾ ਧੰਨਵਾਦ ਕੀਤਾ ਤੇ 30 ਜੂਨ ਨੂੰ ਚਰਖੀ ਦਾਦਰੀ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਦੀ ਰੈਲੀ ਦਾ ਸੱਦਾ ਦਿੱਤਾ। ਮੀਡੀਆ ਨਾਲ ਗਲੱਬਾਤ ਕਰਦਿਆਂ ਉਨਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਦਿੱਲੀ ਦੇ ਮੁੱਖ ਮੰਤਰੀ ਦੀ ਪਤਨੀ ਸੁਨੀਤਾ ਕੇਜਰੀਵਾਲ 30 ਜੂਨ ਨੂੰ ਚਰਖੀ ਦਾਦਰੀ ਆ ਰਹੀ ਹੈ। ਜਿਸ ਵਿਚ ਲੋਕਾਂ ਨੂੰ ਬੁਲਾਇਆ ਗਿਆ ਹੈ ਤੇ ਚੋਣਾਂ ਦੇ ਮੁੱਦੇ ਕੀ ਹੋਣੇ ਚਾਹੀਦੇ ਹਨ ਇਸ ਸੰਬੰਧੀ ਸੁਝਾਅ ਲਏ ਜਾਣਗੇ। ਉਨਾਂ ਕਿਹਾ ਕਿ ਪਾਰਟੀ ਵਿਧਾਨ ਸਭਾ ਚੋਣਾਂ ਦੀ ਸ਼ੁਰੂਆਤ ਪੂਰੀ ਤਾਕਤ ਤੇ ਨਵੀਂ ਊਰਜਾ ਨਾਲ ਕਰੇਗੀ। ਗੁਪਤਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਇੰਡਿਆ ਅਲਾਇੰਸ ਨਾਲ ਰਲ ਕੇ ਲੋਕ ਸਭਾ ਚੋਣਾਂ ਲਡ ?ਿਆਂ ਸਨ ਤੇ ਜਿਸ ਵਿਚ ਪਾਰਟੀ ਨੂੰ 5ਲੱਖ 13 ਹਜਾਰ ਤੋਂ ਵੱਧ ਵੋਟਾਂ ਮਿਲੀਆਂ ਸਨ। ਉਨਾਂ ਕਿਹਾ ਕਿ ਇਨੈਲੋ ਜੇ ਜੇ ਪੀ ਤੇ ਬਸਪਾ ਨੇ ਸਾਰੀਆਂ 10 ਲੋਕ ਸਭਾ ਸੀਟਾਂ ਤੇ ਚੋਣ ਲਡ ?ੀ ਸੀ , ਭਾਵ 30 ਉਮੀਦਵਾਰਾਂ ਨੂੰ ਵੀ ਓਨੀਆਂ ਵੋਟਾਂ ਨਹੀਂ ਮਿਲੀਆਂ ਜਿੰਨੀਆ ਆਮ ਆਦਮ ਪਾਰਟੀ ਨੂੰ ਇਕ ਸੀਟ ਤੇ ਮਿਲੀਆਂ ਹਨ। ਗੁਪਤਾ ਨੇ ਕਿਹਾ ਕਿ ਪਾਰਟੀ ਕੁਰੂਕਸ਼ੇਤਰ ਦੇ ਪਿੰਡਾਂ ਵਿਚ ਜਿੱਤੀ ਪਰ ਸ਼ਹਿਰੀ ਖੇਤਰਾਂ ਵਿਚ ਮੇਨ ਸਟਰੀਮ ਮੀਡੀਆ ਵਲੋਂ 400 ਪਾਰ ਦੇ ਗੁਨਗਾਨ ਦਾ ਪ੍ਰਭਾਵ ਰਿਹਾ। ਉਨਾਂ ਕਿਹਾ ਕਿ ਪਾਰਟੀ ਹੁਣ ਸੂਬੇ ਦੀਆਂ ਸਾਰੀਆਂ ਸੀਟਾਂ ਤੇ ਚੋਣ ਲਡ ?ਨ ਦੀ ਤਿਆਰੀ ਕਰ ਰਹੀ ਹੈ। ਗੱਠਜੋਡ ? ਬਾਰੇ ਉਨਾਂ ਕਿਹਾ ਕਿ ਇਹ ਫੈਸਲਾ ਪਾਰਟੀ ਹਾਈ ਕਮਾਂਡ ਨੇ ਕਰਨਾ ਹੈ। ਉਨਾਂ ਕਿਹਾ ਕਿ ਭਾਜਪਾ ਨੇ ਉਨਾਂ ਦੀ ਪਾਰਟੀ ਛੱਡਣ ਦੀ ਅਫਵਾਹ ਫੈਲਾਈ ਹੈ ਜੋ ਸਰਾਸਰ ਗਲਤ ਹੈ। ਉਹ ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਨ ਤੇ ਪੂਰੇ ਜੋਰ ਨਾਲ ਵਿਧਾਨ ਸਭਾ ਚੋਣਾਂ ਲਡ ?ਨਗੇ। ਉਨਾਂ ਕਿਹਾ ਕਿ ਸਿਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੀਟ ਦਾ ਪੇਪਰ ਠੀਕ ਢੰਗ ਨਾਲ ਨਹੀਂ ਕਰਾ ਸਕੇ। ਜਿਸ ਕਰਕੇ ਆਮ ਆਦਮੀ ਪਾਰਟੀ ਤੇ ਵਿਦਿਆਰਥੀ ਸਡ ?ਕਾਂ ਤੇ ਹਨ। ਕੰਚਨ ਜੰਗਾ ਰੇਲ ਹਾਦਸੇ ਤੇ ਉਨਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਇੰਨੇ ਵੱਡੇ ਹਾਦਸੇ ਤੇ ਰੇਲ ਮੰਤਰੀ ਅਸਤੀਫਾ ਦੇ ਦਿੰਦੇ ਸਨ ਪਰ ਅੱਜ ਨੈਤਿਕ ਆਧਾਰ ਖਤਮ ਹੋ ਰਿਹਾ ਹੈ।




ਮਾਲਕ ਜਸਵਿੰਦਰ ਕੌਰ ਸੈਣੀ, ਛਾਪਕ ਅਤੇ ਪ੍ਰਕਾਸ਼ਕ ਜਸਵਿੰਦਰ ਕੌਰ ਸੈਣੀ ਨੇ ਦਿ ਇੰਡੀਅਨ ਐਕਸਪ੍ਰੈਸ ਪ੍ਰਾਈਵੇਟ ਲਿਮਿਟੇਡ, ਪਲਾਟ ਨੰਬਰ ਸੀ-5, ਇੰਸਟੀਟਯੂਸ਼ਨੈਲ ਏਰਿਆ, ਸੈਕਟਰ-6 ਪੰਚਕੂਲਾ-134109 ਤੋਂ ਛਪਵਾ ਕੇ ਡਿਊਪਲੈਕਸ ਨੰਬਰ 10, ਸਰਵ ਮੰਗਲ ਇੰਨਕਲੇਵ, ਜੀਰਕਪੁਰ, ਜਿਲਾ ਐਸ.ਏ.ਐਸ. ਨਗਰ, ਮੁਹਾਲੀ ਪੰਜਾਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ-ਜਸਵਿੰਦਰ ਕੌਰ ਸੈਣੀ

ਸਮਾਚਾਰ ਚੋਣ ਪ੍ਰਕਿਰਿਆ ਲਈ ਪੀ.ਆਰ.ਟੀ. ਐਕਟ ਤਹਿਤ ਜ਼ਿੰਮੇਦਾਰ। ਸਾਰੇ ਵਿਵਾਦਾਂ ਦਾ ਨਿਪਟਾਰਾ ਮੋਹਾਲੀ (ਪੰਜਾਬ) ਨਿਆਕ ਖੇਤਰ ਵਿਚ ਹੋਵੇਗਾ। ਆਰ.ਐਨ.ਆਈ. ਨੰਬਰ RNI NO PUNPUN2022/86291 (ਮੋਬਾਇਲ ਨੰਬਰ-9878078400) nirbhaysoch@gmail.com